# ਲੋਕ-ਥੀਏਟਰ ਦੇ ਬਾਦਸ਼ਾਹ ਗੁਰਸ਼ਰਨ ਸਿੰਘ ਨਾਲ ਮੁਲਾਕਾਤ

## ਪਰਮਜੀਤ ਢੀਂਗਰਾ

*ਗੁਰਸ਼ਰਨ ਸਿੰਘ (1929) ਪੰਜਾਬੀ ਲੋਕ-ਥੀਏਟਰ ਦਾ ਬਾਦਸ਼ਾਹ ਹੈ। ਉਨ੍ਹਾਂ ਨੇ ਜਿਥੇ ਪੰਜਾਬੀ ਦੇ ਅਨੇਕ ਨਾਅਕ ਖੇਡੇ ਹਨ, ਉਥੇ ਦੇਸੀ-ਬਦੇਸੀ ਭਾਸ਼ਾਵਾਂ ਦੇ ਨਾਟਕ ਅਤੇ ਨਾਵਲਾਂ ਤੇ ਕਹਾਣੀਆਂ ਦੇ ਨਾਟਕੀ ਰੂਪਾਂਤਰ ਵੀ ਬੜੀ ਸਫ਼ਲਤਾ ਨਾਲ ਮੰਚ ਉਤੇ ਪੇਸ਼ ਕੀਤੇ ਹਨ। ਉਨ੍ਹਾਂ ਦਾ ਥੀਏਟਰ ਪ੍ਰਤੀਬੱਧ ਥੀਏਟਰ ਹੈ, ਜੀਹਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਜਾਗ੍ਰਿਤ ਕਰਨਾ ਹੈ। ਉਹ ਕਿੱਤੇ ਵਜੋਂ ਭਾਵੇਂ ਵਿਗਿਆਨੀ ਰਹੇ ਹਨ ਪਰ ਉਨ੍ਹਾਂ ਨੇ ਆਪਣੀ ਵਿਗਿਆਨਕ ਸੂਝ-ਬੂਝ ਲੋਕਾਂ ਵਿਚ ਸਮਾਜਿਕ ਚੇਤਨਾ ਭਰਨ ਦੇ ਲੇਖੇ ਲਾ ਦਿੱਤੀ। ਅੱਜ ਪੰਜਾਬ ਦੇ ਪਿੰਡ-ਪਿੰਡ ਵਿਚ ਉਨ੍ਹਾਂ ਦੇ ਖੇਡੇ ਨਾਟਕਾਂ ਦੀ ਗੂੰਜ ਹੈ। ਉਹ ਹਮੇਸ਼ਾਂ ਹੀ ਜ਼ੁਲਮ ਅਤੇ ਅਨਿਆਂ ਦੇ ਖਿਲਾਫ਼ ਜੂਝੇ ਹਨ। ਇਸੇ ਕਰਕੇ ਪਿਛੇ ਜਿਹੇ ਸਰਕਾਰ ਨੇ ਉਨ੍ਹਾਂ ਦੇ ਨਾਟਕ 'ਬਾਬਾ ਬੋਲਦਾ ਹੈ' ਦੀ ਪੇਸ਼ਕਾਰੀ ਉਤੇ ਚੰਡੀਗੜ੍ਹ ਵਿਚ ਪਾਬੰਦੀ ਲਾ ਦਿੱਤੀ। ਬਾਬਾ ਬੋਲਦਾ ਹੈ ਅਤੇ ਸਰਕਾਰਾਂ ਹਮੇਸ਼ਾਂ ਸੱਚ ਤੋਂ ਡਰਦੀਆਂ ਰਹਿੰਦੀਆਂ ਹਨ, ਪਰ ਜਿੱਤ ਅੰਤ ਹੈ ਸੱਚ ਦੀ ਹੁੰਦੀ ਹੈ। ਮਲਕ ਭਾਗੋ ਤਾਂ ਹਮੇਸ਼ਾਂ ਹੀ ਹਾਰਦੇ ਹਨ ; ਜਿੱਤਣਾ ਅੰਤ ਨੂੰ ਭਾਈ ਲਾਲੋ ਨੇ ਹੀ ਹੁੰਦਾ ਹੈ।*

? ਤੁਸੀਂ ਮੂਲ ਰੂਪ ਵਿਚ ਇਕ ਵਿਗਿਆਨੀ ਹੋ, ਤੁਹਾਡੀ ਥੀਏਟਰ ਵਿਚ ਦਿਲਚਸਪੀ ਕਿਵੇਂ ਪੈਦਾ ਹੋਈ ਅਤੇ ਉਹ ਵੀ ਇਨਕਲਾਬੀ ਲਹਿਰ ਨੂੰ ਮਜ਼ਬੂਤ ਕਰਨ ਲਈ ?

• ਦੇਖੋ, ਜਿਹੜੇ ਸਾਲ ਮੈਂ ਕਾਲਜ ਵਿਚ ਪੜ੍ਹਿਆ ਹਾਂ, ਉਹ ਹਿੰਦੁਸਤਾਨ ਦੀ ਜਾਂ ਪੰਜਾਬ ਦੀ ਤਹਿਰੀਕ ਵਿਚ ਬਹੁਤ ਔਖੇ ਸਾਲ ਸਨ, ਭਾਵ 1947 ਤੋਂ 1951 ਤਕ ਦੇ ਸਾਲ। ਨਾਟਕ ਅਤੇ ਸਾਹਿਤ ਵਿਚ ਮੇਰੀ ਰੁਚੀ ਸੀ। ਪਰ ਸਭਿਆਚਾਰਕ ਸਰਗਰਮੀਆਂ ਪੰਜਾਬ ਵਿਚ ਕਾਲਜ ਪੱਧਰ ਉਤੇ ਬਹੁਤ ਘੱਟ ਸਨ। ਮੈਨੂੰ ਕਾਲਜ ਵਿਚ ਕਦੇ ਅਜਿਹਾ ਮੌਕਾ ਨਹੀਂ ਸੀ ਮਿਲਿਆ। ਐਮ. ਐਸ. ਸੀ (ਟੈਕਨਾਲੋਜੀ) ਕਰਨ ਤੋਂ ਬਾਅਦ ਮੈਨੂੰ ਭਾਖੜਾ ਡੈਮ ਦੀ ਉਸਾਰੀ ਵਿਖੇ ਨੌਕਰੀ ਕਰਨ ਦਾ ਮੌਕਾ

ਮਿਲਿਆ। ਤੇ ਉਥੇ ਹੀ ਮੇਰੀ ਸੂਝ ਇਧਰ ਮੁੜੀ। ...ਮੈਂ ਆਪਣੇ ਬਾਰੇ ਇਹ ਵੀ ਦੱਸ ਦਿਆਂ ਕਿ ਮੈਂ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਮਾਰਕਸੀ ਫ਼ਲਸਫੇ ਨਾਲ ਮੇਰਾ ਪੂਰਾ ਸੰਬੰਧ ਜੁੜ ਗਿਆ ਸੀ। 1943-44 ਵਿਚ ਨੌਵੀਂ ਜਮਾਤ ਵਿਚ ਪੜ੍ਹਦਾ ਮੈਂ ਕਮਿਊਨਿਸਟ ਪਾਰਟੀ ਦਾ ਕਾਰਡ ਹੋਲਡਰ ਮੈਂਬਰ ਬਣ ਗਿਆ ਸੀ। ਵਿਦਿਆਰਥੀ ਲਹਿਰ ਨਾਲ ਵੀ ਮੇਰਾ ਬਹੁਤ ਸੰਬੰਧ ਰਿਹਾ ਹੈ। ਅਮਨ ਲਹਿਰ ਨਾਲ ਵੀ ਸੰਬੰਧਤ ਰਿਹਾ ਹਾਂ। ਨੌਕਰੀ ਕਰ ਰਿਹਾ ਸੀ ਤਾਂ ਜਿਉਂ ਜਿਉਂ ਭਾਖੜਾ ਉਸਰ ਰਿਹਾ ਸੀ, ਮੈਂ ਇਹ ਮਹਿਸੂਸ ਕਰਦਾ ਸੀ ਕਿ ਅਸੀਂ ਦਰਿਆਵਾਂ ਦੇ ਰੁਖ ਤਾਂ ਬਦਲ ਰਹੇ ਹਾਂ ਪਰ ਸਾਡਾ ਸਮਾਜ ਉਥੇ ਦਾ ਉਥੇ ਖਲੋਤਾ ਹੈ। ਉਹਦੇ ਵਿਚ ਕੋਈ ਤਬਦੀਲੀ ਨਹੀਂ ਆਈ। ਸੋ ਮੈਨੂੰ ਉਦੋਂ ਹੀ ਵਿਸ਼ਵਾਸ ਹੋ ਗਿਆ ਸੀ ਕਿ ਭਾਵੇਂ ਹਿੰਦੁਸਤਾਨ ਵਿਚ ਕਿੰਨੀ ਵੀ ਤਰੱਕੀ ਹੋ ਜਾਵੇ, ਜਿੰਨਾ ਚਿਰ ਇਹਦੇ ਵਿਚ ਸਮਾਜਿਕ ਤਬਦੀਲੀ ਨਹੀਂ ਆਉਂਦੀ, ਉਨ੍ਹਾਂ ਚਿਰ ਸਧਾਰਨ ਲੋਕਾਂ ਤਕ ਇਸ ਸਾਇੰਸ ਦਾ ਕੋਈ ਵੀ ਫਾਇਦਾ ਨਹੀਂ ਪੁੱਜਣਾ। ਇਸੇ ਦੌਰਾਨ ਇਕ ਛੋਟੀ ਜਿਹੀ ਘਟਨਾ ਵਾਪਰੀ। ਭਾਖੜਾ ਵਿਖੇ ਲੋਹੜੀ ਦਾ ਤਿਉਹਾਰ ਮਨਾਇਆ ਜਾ ਰਿਹਾ ਸੀ। ਉਥੇ ਕੰਮ 24 ਘੰਟੇ ਚਲਦਾ ਸੀ ; ਕੋਈ ਛੁੱਟੀ ਨਹੀਂ ਸੀ ਹੁੰਦੀ। ਅਫ਼ਸਰਾਂ ਨੇ ਕਿਹਾ ਕਿ ਅਗਲੇ ਦਿਨ 8.12 ਵਾਲੀ ਸਿਫਟ ਵਿਚ ਜ਼ਰੂਰੀ ਕੰਮ ਚਲਾਏ ਜਾਣ ਅਤੇ ਬਾਕੀ ਛੁੱਟੀ ਕੀਤੀ ਜਾਵੇ। ਪਰ ਮੈਨੇਜਮੈਂਟ ਨੇ ਗੱਲ ਨਾ ਮੰਨੀ। ਇਹ 1954 ਦੀ ਗੱਲ ਹੈ। ਨਤੀਜੇ ਦੇ ਤੌਰ 'ਤੇ ਲੋਹੜੀ ਦੀ ਬਹੁਤ ਵੱਡੀ ਹੜਤਾਲ ਹੋਈ। ਹੜਤਾਲ ਵਿਚ ਮਜ਼ਦੂਰਾਂ ਦੀ ਜ਼ਿੰਦਗੀ ਵਿਚ ਕੀ ਫਰਕ ਪੈਂਦਾ ਹੈ ਅਤੇ ਮੈਨੇਜਮੈਂਟ ਤੇ ਸਰਕਾਰ ਇਹਨੂੰ ਕਿਸ ਤਰ੍ਹਾਂ ਲੈਂਦੀਆਂ ਹਨ-ਇਸ ਸੰਬੰਧ ਵਿਚ ਮੈਂ ਇਕ ਛੋਟਾ ਜਿਹਾ ਨਾਟਕ ਲਿਖਿਆ, 'ਲੋਹੜੀ ਦੀ ਹੜਤਾਲ'। ਇਹ ਨਾਟਕ ਮੈਂ ਆਪ ਨਹੀਂ ਸੀ ਕੀਤਾ। ਸਾਡੀ ਉਥੋਂ ਦੀ 'ਲੇਬਰ ਕਲੱਬ ਵਾਲਿਆਂ ਨੇ ਕੀਤਾ। ਮੈਨੂੰ ਇਕਦਮ ਖਿਆਲ ਆਇਆ ਕਿ ਨਾਟਕ ਹਜ਼ਾਰਾਂ ਬੱਚਿਆਂ, ਇਸਤਰੀਆਂ ਤੇ ਪੁਰਸ਼ਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਸ ਢੰਗ ਨਾਲ ਗੱਲ ਬੜੀ ਵਧੀਆ ਸੁਣੀ ਜਾਂਦੀ ਹੈ। ਇਸ ਸਾਰੇ ਵਿਚਾਰ ਦੇ ਪਿਛੇ ਮੇਰੀ ਸਾਇੰਸ ਦੀ ਯੂਥ ਖਲੋਤੀ ਸੀ ਕਿ ਜੇ ਅਸੀਂ ਆਪਣੀ ਜ਼ਿੰਦਗੀ ਨੂੰ ਬਦਲਣਾ ਹੈ, ਪੈਦਾਵਾਰੀ ਸਾਧਨ ਬਦਲਣੇ ਹਨ, ਪ੍ਰਾਪਤੀਆਂ ਆਮ ਜਨਤਾ ਤਕ ਪੁੱਜਦੀਆਂ ਕਰਨੀਆਂ ਹਨ ਤਾਂ ਇਹਦੇ ਵਾਸਤੇ ਸਮਾਜਕ ਚੇਤਨਾ ਜ਼ਰੂਰੀ ਹੈ ਤੇ ਸਮਾਜਕ ਚੇਤਨਾ ਵਾਸਤੇ ਨਾਟਕ ਸਾਧਨ ਹੋ ਸਕਦਾ ਹੈ।

? ਇਨਕਲਾਬੀ ਲਹਿਰ ਦੀ ਮਜ਼ਬੂਤੀ ਲਈ ਥੀਏਟਰ ਦੀ ਵਰਤੋਂ ਦੇ ਤੁਹਾਡੇ ਰਾਹ ਵਿਚ ਕਿਸੇ ਤਰ੍ਹਾਂ ਦੀਆਂ ਸਰਕਾਰੀ-ਗ਼ੈਰ-ਸਰਕਾਰੀ ਰੁਕਾਵਟਾਂ ਵੀ ਆਈਆਂ ? ਕਿਉਂਕਿ ਸਰਕਾਰਾਂ ਅਕਸਰ ਇਨਕਲਾਬ ਦੇ ਨਾਂ ਤੋਂ ਤ੍ਰਹਿੰਦੀਆਂ ਹਨ।

• ਇਹ ਵੀ ਇਕ ਨਵਾਂ ਤਜ਼ਰਬਾ ਸੀ ਕਿ ਸਰਕਾਰੀ ਅਫਸਰ ਦੀ ਹੈਸੀਅਤ ਵਿਚ ਮੈਨੂੰ ਥੋੜ੍ਹਾ ਜਿਹਾ ਵਿਸ਼ਵਾਸ ਸੀ ਕਿ ਮੈਂ ਆਪਣੇ ਕੰਮ ਦੀ ਮੁਹਾਰਿਤ ਰੱਖਦਾ ਹਾਂ

ਅਤੇ ਮੇਰੇ ਸਮਾਜਿਕ ਕੰਮਾਂ ਨੂੰ ਮੇਰੇ ਉਤਲੇ ਅਫਸਰ ਠੀਕ ਤਰ੍ਹਾਂ ਨਾਲ ਹੀ ਦੇਖਦੇ ਸਨ। ਇਕ ਵਾਰ ਇਕ ਹਾਦਸਾ ਹੋਇਆ। ਨਤੀਜੇ ਵਜੋਂ ਬਹੁਤ ਸਾਰੇ ਮਜ਼ਦੂਰ ਹਸਪਤਾਲ ਪਹੁੰਚ ਗਏ। ਖ਼ੂਨ ਦੀ ਬੜੀ ਲੋੜ ਸੀ। ਜਨਰਲ ਮੈਨੇਜਰ ਦੋ ਵਾਰ ਘਰ ਕਾਰ ਲੈ ਕੇ ਆਇਆ। ਉਹਨੇ ਕਿਹਾ ਕਿ ਤੂੰ ਹੀ ਇਕੱਲਾ ਬੰਦਾ ਹੈ ਜਿਹੜਾ ਸੌ ਅਜਿਹੇ ਬੰਦਿਆਂ ਨੂੰ ਲਿਆ ਸਕਦਾ ਹੈਂ, ਜੋ ਖ਼ੂਨ ਦੇ ਸਕਣ। ਤੂੰ ਇਕੱਲਾ ਬੰਦਾ ਹੈ ਜੀਹਦੇ ਲੇਬਰ ਅਤੇ ਸਟਾਫ ਵਿਚ ਕਾਨਟੈਕਟ ਹਨ। ਮੈਂ ਕੁਝ ਮਜ਼ਦੂਰ ਆਪਣੇ ਨਾਲ ਲਏ ਅਤੇ ਜਾ ਦਰਵਾਜ਼ੇ ਖੜਕਾਏ। ਲੋਕਾਂ ਨੂੰ ਨਾਲ ਲੈਂਦੇ ਗਏ। ਦੋ ਘੰਟਿਆਂ ਵਿਚ 300 ਆਦਮੀਆਂ ਦੀ ਕਤਾਰ ਲਗਵਾ ਦਿੱਤੀ। ਉਹ ਸਾਰੇ ਮੇਰੀ ਇੱਜਤ ਕਰਦੇ ਸਨ। 1962 ਵਿਚ ਮੈਂ ਅੰਮ੍ਰਿਤਸਰ ਆ ਗਿਆ। ਅੰਮ੍ਰਿਤਸਰ ਵਿਚ ਮੇਰਾ ਡਾਇਰੈਕਟਰ ਇੰਸਟੀਚਿਊਟ ਵੀ ਇਸ ਗੱਲ ਵਿਚ ਦਿਲਚਸਪੀ ਰੱਖਦਾ ਸੀ ਕਿ ਗੁਰਸ਼ਰਨ ਸਿੰਘ ਦਾ ਨੰਗਲ ਏਨਾ ਨਾਂ ਹੈ, ਪੰਜਾਬ ਵਿਚ ਏਨਾ ਨਾਂ ਹੈ। ਉਹਨੇ ਮੈਨੂੰ ਕਿਹਾ ਕਿ ਮੈਂ ਇੰਸਟੀਚਿਊਟ ਵਿਚ ਨਾਟਕ ਕਰਾਂ। ਤੇ 1962 ਵਿਚ ਜਦੋਂ ਚੀਨ ਨਾਲ ਜੰਗ ਹੋ ਰਹੀ ਸੀ, ਸਾਨੂੰ ਫੰਡ ਇਕੱਠਾ ਕਰਨ ਲਈ ਕਿਹਾ ਗਿਆ, ਅਸੀਂ ਕੀਤਾ। ਉਹ ਏਨਾਂ ਪ੍ਰਭਾਵਿਤ ਹੋਇਆ ਕਿ ਉਹਨੇ ਕਿਹਾ ਕਿ ਉਹ ਕੁਝ ਲੋਕਾਂ ਨੂੰ ਇੰਸਟੀਚਿਊਟ ਵਿਚ ਨੌਕਰੀ ਦੇਣ ਲਈ ਤਿਆਰ ਹੈ। ਜਤਿੰਦਰ ਨੂੰ ਜੋ ਹੁਣ ਟੀ. ਵੀ. ਕਲਾਕਾਰ ਹੈ, 1963 ਦੇ ਸ਼ੁਰੂ ਵਿਚ ਮੈਂ ਆਪਣੇ ਥੀਏਟਰ ਵਿਚ ਲਿਆਂਦਾ। ਉਦੋਂ ਪੰਜਾਬ ਵਿਚ ਸਭਿਆਚਾਰ ਪ੍ਰੋਗਰਾਮ ਤੂੰਬੀ ਵਾਲੇ ਹੀ ਹੁੰਦੇ ਸਨ। ਪਬਲਿਕ ਰਿਲੇਸ਼ਨਜ਼ ਵਿਭਾਗ ਹੀ ਸਭਿਆਚਾਰ ਦਾ ਮਾਲਕ ਹੁੰਦਾ ਸੀ। ਤੇ ਮੈਨੂੰ ਇੰਜ ਮੇਰੀ ਨੌਕਰੀ ਸਮੇਂ ਹਲਾਸ਼ੇਰੀ ਹੀ ਮਿਲੀ, ਸਰਕਾਰ ਦੇ ਖਿਲਾਫ ਟਕਰਾਉ ਵਿਚ ਨਹੀਂ ਜਾਣਾ ਪਿਆ। 1964 ਵਿਚ ਅੰਮ੍ਰਿਤਸਰ ਵਿਚ ਕੁਝ ਦੋਸਤਾਂ ਨਾਲ ਰਲ ਕੇ ਨਾਟਕ ਕਲਾ ਕੇਂਦਰ ਬਣਾਇਆ। ਇਨ੍ਹਾਂ ਵਿਚ ਗੁਰਦਿਆਲ ਸਿੰਘ ਫੁੱਲ, ਤੇਜਾ ਸਿੰਘ ਆਦਿ ਲੋਕ ਸਨ। ਇਹਦੇ ਉਦੇਸ਼ ਸੀ ਕਿ ਜਿਹੜੇ ਚੰਗੇ ਅਗੇਵਧੂ ਪੰਜਾਬੀ ਨਾਟਕ ਹਨ, ਉਹ ਖੇਡੇ ਜਾਣ। ਮੈਂ 1964 ਤੋਂ ਲੈ ਕੇ 1971 ਤੱਕ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਿਚ ਜੋ ਕੰਮ ਕੀਤਾ ਉਸ ਕਾਰਨ ਵੀ ਮੇਰਾ ਸਰਕਾਰ ਨਾਲ ਕੋਈ ਬਹੁਤਾ ਟਕਰਾਉ ਨਹੀਂ ਵਾਪਰਿਆ ਬਾਹਰ ਵੀ ਜਾਂਦੇ ਸੀ। ਗੋਰਕੀ ਦੇ ਨਾਵਲ 'ਮਾਂ' ਉਤੇ ਆਧਾਰਤ ਡਰਾਮਾ ਕੀਤਾ, ਹੋਰ ਅਨੇਕਾਂ ਨਾਟਕ ਕੀਤੇ। ਉਨ੍ਹਾਂ ਵਿਚੋਂ ਬਹੁਤਿਆਂ ਦੀ ਲੈਫਟਿਸਟ ਕਮਿਟਮੈਂਟ ਸੀ। ਉਹ ਸਰਕਾਰ ਦੇ ਖਿਲਾਫ ਨੇ। ਪਰ ਕੋਈ ਰੁਕਾਵਟ ਨਹੀਂ ਆਈ। ਇਨ੍ਹਾਂ ਨਾਲ ਹੀ ਮੈਨੂੰ ਇਕ ਹੋਰ ਮੌਕਾ ਮਿਲਿਆ। ਇਹ 1969-70 ਵਿਚ ਅਕਾਲੀ ਸਰਕਾਰ ਵੇਲੇ ਦੀ ਗੱਲ ਹੈ। ਗੁਰੂ ਨਾਨਕ ਸਾਹਿਬ ਦਾ 500ਵਾਂ ਜਨਮ ਦਿਨ ਆਇਆ। ਉਸ ਵਾਸਤੇ ਪ੍ਰੋ. ਫੁੱਲ ਨੇ ਇਕ ਨਾਟਕ ਲਿਖਿਆ 'ਜਿਨ ਸਚਿ ਪਲੈ ਹੋਇ'। ਉਸ ਵਿਚ ਸਮਾਜਕ ਸਿੱਖਿਆ ਸੀ। ਪਰ ਉਹਦਾ ਮੁੱਖ ਜ਼ੋਰ ਉਹੋ ਸੀ। ਉਸ ਵਿਚ ਵੀ ਸਰਕਾਰ ਨੇ ਕੋਈ ਦਖ਼ਲ ਨਾ ਦਿੱਤਾ। ਇਹ ਕਹਿ ਲਵੋ

ਕਿ ਉਸ ਸਮੇਂ ਦੀ ਸਰਕਾਰ ਨੇ ਸਗੋਂ ਉਸ ਡਰਾਮੇ ਨੂੰ ਚੁੱਕਿਆ ਹੀ। ਮੇਰੀ ਕਨਫ਼ਲਿਕਟ ਇਹ ਸੀ ਕਿ ਮੈਂ ਸਰਕਾਰੀ ਨੌਕਰੀ ਕਰ ਰਿਹਾ ਸੀ। ਤੇ ਲੋਕਾਂ ਵਿਚ ਜਾਣ ਦਾ ਤਜ਼ਰਬਾ ਮੈਨੂੰ ਇਸ ਨਾਟਕ ਨੇ ਹੀ ਦਿੱਤਾ। ਮੈਂ ਸੋਚਿਆ, ਸ਼ਹਿਰਾਂ ਵਿਚ ਅਸੀਂ ਲੋਕਾਂ ਨੂੰ ਸੱਦੇ ਦਿੰਦੇ ਹਾਂ, ਫੇਰ ਵੀ ਲੋਕ ਬੜੇ ਭਾਰਾਂ ਉਤੇ ਪੈਂਦੇ ਨੇ, ਕੁਰਸੀਆਂ ਲੱਭਦੇ ਨੇ, ਤੇ ਇਹ ਪਿੰਡਾਂ ਦੇ ਦਰਸ਼ਕ ਨੇ, ਜੋ ਅਜੇ ਤੱਕ ਰੜੇਮੈਦਾਨਾਂ ਵਿਚ, ਖੇਤਾਂ ਵਿਚ ਸਰਦੀਆਂ ਦੇ ਮੌਸਮ ਵਿਚ ਵੀ ਬੁੱਕਲਾਂ ਮਾਰੀਂ ਰਹਿੰਦੇ ਨੇ। ਮੈਂ ਇਨ੍ਹਾਂ ਲੋਕਾਂ ਵਿਚ ਕਿਉਂ ਨਾ ਜਾਵਾਂ ? ਮੈਨੂੰ ਇਹ ਨਵਾਂ ਅਹਿਸਾਸ 1969-70 ਵਿਚ ਹੋਇਆ। ਜਿਹੜੇ ਲੋਕਾਂ ਨੂੰ ਮੈਂ ਸੁਨੇਹਾ ਦੇਣਾ ਸੀ, ਕਿਉਂ ਨਾ ਦੇਵਾਂ ? ਨਾਟਕ ਕਲਾ ਕੇਂਦਰ ਦੀ ਜਿਹੜੀ ਵੀ ਸਰਗਰਮੀ ਮੈਂ ਕੀਤੀ ਹੈ, ਉਹ ਹਮੇਸ਼ਾਂ ਘਾਟੇ ਵਿਚ ਰਹੀ ਹੈ। ਮੈਂ ਸਮਝਦਾ ਹਾਂ ਕਿ ਮੇਰਾ ਬਹੁਤ ਕੁਝ ਲਗਿਆ ਹੈ ਉਹਦੇ ਵਿਚ। ਕਾਫ਼ੀ ਕਰਜ਼ਾ ਵੀ ਹੋ ਗਿਆ ਸੀ। ਮੈਂ 1969 ਵਿਚ ਪਿੰਡਾਂ ਵਿਚ ਗਿਆ ਤਾਂ ਸਰਗਰਮੀ ਵੀ ਵੱਧ ਗਈ। 1969-70 ਤੋਂ ਬਾਅਦ ਨਕਸਲਬਾੜੀ ਲਹਿਰ ਦੇ ਪੰਜਾਬ ਵਿਚ ਆਉਣ ਨਾਲ ਭਾਵੁਕ ਤੌਰ ਉਤੇ ਮੈਂ ਬਹੁਤ ਕੁਝ ਕਬੂਲਿਆ। ਮੈਂ ਸਮਝਦਾ ਸੀ ਕਿ ਤਿਲੰਗਾਨਾ ਤੋਂ 10 ਸਾਲ ਬਾਅਦ ਫੇਰ ਇਕ ਨਵੀਂ ਲਹਿਰ ਚੱਲੀ ਹੈ। ਮੈਂ ਪੂਰੀ ਤਰ੍ਹਾਂ ਉਸ ਲਹਿਰ ਨਾਲ ਜੁੜ ਗਿਆ। ਦੂਜੇ, 1970-71 ਵਿਚ ਪਾਕਿਸਤਾਨ ਦਾ ਟੀ. ਵੀ. ਸ਼ੁਰੂ ਹੋ ਗਿਆ। ਮੈਂ ਇਥੇ ਮਹਿਸੂਸ ਕੀਤਾ ਕਿ ਸਾਡੇ ਦਰਸ਼ਕ ਪਾਕਿਸਤਾਨ ਦੇ ਡਰਾਮੇ ਜ਼ਿਆਦਾ ਵੇਖਦੇ ਨੇ। ਮੈਂ ਇਸ ਗੱਲ ਬਾਰੇ ਬਹੁਤ ਸੋਚਿਆ। 1971 ਵਿਚ ਹੀ ਇਕ ਹੋਰ ਘਟਨਾ ਹੋਈ। ਮੇਰੇ ਦਫਤਰ ਵਿਚੋਂ ਮੇਰੇ ਕੋਲੋਂ ਅਮਰਜੀਤ ਚੰਦਨ ਗ੍ਰਿਫਤਾਰ ਕਰ ਲਿਆ ਗਿਆ। ਉਦੋਂ ਹੀ ਮੇਰੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ। ਉਨ੍ਹਾਂ ਦਿਨਾਂ ਵਿਚ ਭਾਰਤ ਪਾਕਿ ਲੱਗੀ ਹੋਈ ਸੀ। ਜੰਗ ਖ਼ਤਮ ਹੋ ਗਈ; ਨਾਲ ਹੀ ਮੇਰੇ ਵਾਰੰਟ ਵੀ ਖ਼ਤਮ ਹੋ ਗਏ। ਮੇਰੀ ਕਮਿਟਮੈਂਟ ਨਕਸਲੀ ਲਹਿਰ ਨਾਲ ਪੂਰੀ ਤਰ੍ਹਾਂ ਰਹੀ। ਮੈਂ ਕਹਿੰਦਾ ਸੀ ਕਿ ਜੇ ਮੈਂ ਸਰਕਾਰੀ ਨੌਕਰੀ ਕਰ ਰਿਹਾ ਹਾਂ, ਉਹ ਆਪਣੇ ਟੈਕਨੀਕਲ ਗਿਆਨ ਕਰਕੇ ਕਰ ਰਿਹਾ ਹਾਂ, ਕੋਈ 16-18 ਜਮਾਤਾਂ ਪੜ੍ਹਿਆਂ ਹਾਂ, ਪਰ ਮੇਰੀ ਕੋਈ ਸਮਾਜਕ ਚੇਤਨਾ ਵੀ ਹੈ ਤੇ ਉਹ ਤੁਹਾਡੇ ਨਾਲ ਟਕਰਾਉਂਦੀ ਹੈ। ਸਰਕਾਰ ਨਾਲ ਪਹਿਲੀ ਟੱਕਰ ਨਾਟਕ ਦੇ ਖੇਤਰ ਵਿਚ 1975 ਦੀ ਐਮਰਜੈਂਸੀ ਦੌਰਾਨ ਹੋਈ। ਜਦੋਂ ਐਮਰਜੈਂਸੀ ਲੱਗੀ ਤਾਂ ਮੈਨੂੰ ਸਖ਼ਤ ਤਕਲੀਫ਼ ਹੋਈ। ਅਸੀਂ ਇਹ ਨਹੀਂ ਚਾਹੁੰਦੇ ਕਿ ਲੋਕਾਂ ਵਿਚ ਕਿਸੇ ਕਿਸਮ ਦੀ ਗਿਰਾਵਟ ਆਵੇ। ਮੈਂ ਇਕ ਨਾਟਕ 13 ਦਸੰਬਰ 1975 ਨੂੰ ਕੀਤਾ। ਐਮਰਜੈਂਸੀ ਕਾਰਨ ਹਰ ਸਰਗਰਮੀ ਉਤੇ ਪਾਬੰਦੀ ਸੀ। ਇਸ ਦੌਰਾਨ ਨੌਕਰੀ ਤੋਂ ਮੇਰੀ ਛੁੱਟੀ ਹੋ ਗਈ। ਇਕ ਸੱਚ ਮੈਂ ਕਦੀ ਕਿਸੇ ਨੂੰ ਦਸਿਆ ਨਹੀਂ, ਤੁਹਾਨੂੰ ਅੱਜ ਦੱਸ ਦਿੰਦਾ ਹਾਂ ਕਿ ਉਸ ਵੇਲੇ ਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ। ਓਧਰ ਸਭ ਸਰਗਰਮੀਆਂ ਉਪਰ ਪਾਬੰਦੀ ਲੱਗ ਗਈ। ਗੁਰੂ ਤੇਗ ਬਹਾਦਰ ਜੀ ਦਾ 300ਵਾਂ ਸ਼ਹੀਦੀ ਦਿਨ ਆਇਆ। ਮੈਂ

ਨਾਟਕ ਕੀਤਾ 'ਨਿਓਟਿਆ ਦੀ ਓਟ'। ਧਾਰਮਿਕ ਨਾਟਕ ਉਤੇ ਪਾਬੰਦੀ ਨਹੀਂ ਸੀ। ਗਿਆਨੀ ਜ਼ੈਲ ਸਿੰਘ ਹੁਰੀਂ ਸਰਕਾਰੀ ਪੱਧਰ 'ਤੇ ਇਹ ਦਿਨ ਮਨਾਉਣ ਦੇ ਜਤਨ ਕਰ ਰਹੇ ਸਨ ਅਤੇ ਸਾਡੇ ਮੁੰਡਿਆਂ ਨੇ ਵੀ ਸਮਾਗਮ ਕਰਨੇ ਸ਼ੁਰੂ ਕਰ ਦਿੱਤੇ। ਅਸੀਂ ਆਪਣੀ ਗੱਲ ਨੂੰ ਟੇਢੇ ਢੰਗ ਨਾਲ ਕਰਨਾ ਸਿੱਖ ਲਿਆ ਸੀ। ਤੇ ਅਸੀਂ ਨਾਟਕ ਕਰਦੇ ਸੀ ਸਾਹਿਬਜ਼ਾਦਿਆਂ ਦੀ ਸ਼ਹੀਦੀ, ਇਨਕਲਾਬ ਜ਼ਿੰਦਾਬਾਦ ਆਦਿ। ਇਹਨਾਂ ਨਾਟਕਾਂ ਵਿਚ ਕਿਸੇ ਥਾਂ ਰੁਕਾਵਟ ਨਹੀਂ ਆਈ। 1976 ਆ ਗਿਆ। ਮੈਨੂੰ ਜੰਮੂ ਯੂਨੀਵਰਸਿਟੀ ਵਾਲਿਆਂ ਨੇ ਨਾਟਕ ਕਰਨ ਲਈ ਬੁਲਾਇਆ। 19 ਸਤੰਬਰ ਨੂੰ ਜਦੋਂ ਅਸੀ ਇਹ ਨਾਟਕ ਕੀਤਾ ਤਾਂ ਉਥੇ ਦਰਸ਼ਕਾਂ ਵਿਚ ਗਿਆਨੀ ਜ਼ੈਲ ਸਿੰਘ ਸ਼ੇਖ ਅਬਦੁੱਲਾ ਵੀ ਬੈਠੇ ਸਨ। ਗਿਆਨੀ ਜੀ ਆਪ ਹੀ ਨਹੀਂ, ਸਗੋਂ ਉਨ੍ਹਾਂ ਦਾ ਸਾਰਾ ਅਮਲਾ ਫੈਲਾ ਹੀ ਆਇਆ ਹੋਇਆ ਸੀ। ਉਨ੍ਹਾਂ ਗੱਲ ਸਮਝ ਲਈ ਕਿ ਕਰਦਾ ਤਾਂ ਇਹ ਨਾਟਕ ਹੈ, ਪਰ ਹਮਲਾ ਐਮਰਜੈਂਸੀ ਉਤੇ ਕਰਦਾ ਹੈ। ਸਰਹੰਦ ਦੀ ਘਟਨਾ ਪੇਸ਼ ਕਰਦਿਆਂ ਮੈਂ ਇਹ ਗੱਲ ਕਹਿੰਦਾ ਸੀ ਕਿ ਜਦੋਂ ਬੱਚੇ ਨੀਹਾਂ ਵਿਚ ਚਿਣੇ ਜਾ ਰਹੇ ਸਨ ਤਾਂ ਸਰਹੰਦ ਦੇ ਲੋਕ ਕਿਥੇ ਸਨ ? ਤਮਾਸ਼ਾਈ ਬਣ ਕੇ ਉਨ੍ਹਾਂ ਨੇ ਸਭ ਕੁਝ ਵੇਖਿਆ ਤੇ ਉਨ੍ਹਾਂ ਨੂੰ ਇਹਦੀ ਵੱਡੀ ਕੀਮਤ ਚਕਾਉਣੀ ਪਈ। ਬੰਦੇ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤੇ ਅੱਜ ਵੀ ਬੰਦੇ ਬਹਾਦਰ ਜਿਉਂਦੇ ਨੇ। ਅੱਜ ਦੇ ਵਜੀਦਿਆਂ ਨੂੰ ਉਹ ਪਛਾਣਦੇ ਨੇ ਤੇ ਉਨ੍ਹਾਂ ਨੂੰ ਇਕਦਮ ਖੁੜਕ ਗਈ। ਜਦੋਂ ਅਸੀਂ ਅੰਮ੍ਰਿਤਸਰ ਪਹੁੰਚੇ ਤਾਂ ਵਾਰੰਟ ਜਾਰੀ ਹੋ ਗਏ ਅਤੇ ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਰਿਹਾਈ ਤੋਂ ਬਾਅਦ ਮੈਂ ਆਪਣੀਆਂ ਸਰਗਰਮੀਆਂ ਲਗਾਤਾਰ ਕਰਦਾ ਆ ਰਿਹਾ ਹਾਂ। ਮੈਂ ਕਦੇ ਸਿੱਧੀ ਟੱਕਰ ਜਾਣ ਬੁੱਝ ਕੇ ਨਹੀਂ ਲਈ। ਜਿਥੇ ਦਫ਼ਾ 144 ਲੱਗੀ ਹੋਵੇ ਜਾਂ ਕੋਈ ਹੋਰ ਰੁਕਾਵਟ ਹੋਵੇ, ਮੈਂ ਉਥੇ ਨਾਟਕ ਨਹੀਂ ਕਰਦਾ। ਪ੍ਰਬੰਧਕਾਂ ਕੋਲੋਂ ਪਹਿਲਾਂ ਪੁੱਛ ਲੈਂਦਾ ਹਾਂ ਕਿ ਆਗਿਆ ਲਈ ਹੋਈ ਹੈ ਕਿ ਨਹੀਂ।

? ਤੁਹਾਡੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਤੁਸੀਂ ਪੰਜਾਬ ਵਿਚ ਪ੍ਰਤੀਬੱਧ ਥੀਏਟਰ ਜਾਂ ਜੀਹਨੂੰ ਲੋਕ-ਥੀਏਟਰ ਕਹਿਣਾ ਵਧੇਰੇ ਉਚਿਤ ਜਾਪਦਾ ਹੈ, ਦੀ ਨੀਂਹ ਰੱਖੀ ਹੈ। ਇਹਦਾ ਲੋਕਾਂ ਵਿਚ ਕੀ ਪ੍ਰਤੀਕਰਮ ਹੋਇਆ ਹੈ ? ਕੀ ਤੁਸੀਂ ਲੋਕਾਂ ਤਕ ਆਪਣਾ ਇਨਕਲਾਬੀ ਸੰਦੇਸ਼ ਪੁਚਾਉਣ ਦੇ ਜਤਨ ਵਿਚ ਕਈ ਵਾਰ ਨਾਟਕੀ ਰੂਪ ਦੀਆਂ ਬੰਦਸ਼ਾਂ ਨੂੰ ਵੀ ਅੱਖੋਂ ਪਰੋਖੇ ਕੀਤਾ ਹੈ ?

• ਜਦੋਂ ਮੈਂ ਪੰਜਾਬ ਦੇ ਪਿੰਡਾਂ ਵਿਚ ਜਾਣਾ ਸ਼ੁਰੂ ਕੀਤਾ, ਗੁਰੂ ਨਾਨਕ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਨਾਟਕ ਕੀਤੇ। ਕਿਤੇ ਥੜ੍ਹਾ ਮਿਲ ਗਿਆ, ਉਹੋ ਸਹੀ। ਰੋਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਪਰ ਲੋਕ ਬੜੇ ਗੌਰ ਨਾਲ ਵੇਖਦੇ ਹਨ, ਬੜੀ ਰੁਚੀ ਨਾਲ ਸੁਣਦੇ ਹਨ ਤੇ ਸ਼ਲਾਘਾ ਕਰਦੇ ਹਨ। ਇਸ ਕਰਕੇ ਮੈਂ ਮਿੱਥ ਲਿਆ ਕਿ ਜੇ ਤਾਂ ਕੋਈ ਚੰਗੇ ਸਾਧਨ ਮਿਲ ਜਾਣ, ਠੀਕ ਹੈ। ਜੇ ਨਹੀਂ

ਮਿਲੇ ਤਾਂ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਨਾਟਕ ਨਹੀਂ ਕਰਨਾ। ਅਸੀਂ ਆਪਣੇ ਆਪ ਨੂੰ ਦਬਾ ਕੇ ਨਹੀਂ ਰੱਖਣਾ। ਤੁਹਾਡੇ ਕੋਲ ਜਿਹੜੀ ਗੱਲ ਹੈ ਕਹਿਣ ਵਾਲੀ ਤੇ ਜੀਹਦੇ ਬਾਰੇ ਤੁਸੀਂ ਜਾਣਦੇ ਹੋ ਕਿ ਕਿਸ ਤਰ੍ਹਾਂ ਕਹਿਣੀ ਹੈ, ਉਹੀ ਕਹਿ ਦੇਣੀ ਹੈ। ਉਨ੍ਹਾਂ ਹੀ ਦਿਨਾਂ ਵਿਚ ਟਿਵਾਣਾ ਨੇ ਵੀ ਬਹੁਤ ਅੱਛੇ-ਅੱਛੇ ਧਾਰਮਿਕ ਨਾਟਕ ਕੀਤੇ, ਬੜਾ ਨਾਮਨਾ ਖੱਟਿਆ ਸਟੇਜ ਉਤੇ। ਪਰ ਉਹ ਸਾਲ ਵਿਚ 8, 10 ਜਾਂ 20 ਪੇਸ਼ਕਾਰੀਆਂ ਕਰਦਾ ਹੈ, ਅਸੀਂ 40-50 ਕਰ ਦਿੰਦੇ ਹਾਂ, ਕਿਉਂਕਿ ਨਾ ਤਾਂ ਮੈਂ ਪ੍ਰਬੰਧਕਾਂ ਨੂੰ ਖਾਸ ਕਿਸਮ ਦੀਆਂ ਰੌਸ਼ਨੀਆਂ ਵਾਸਤੇ ਕਹਿੰਦਾ ਹਾਂ, ਨਾ ਅਜਿਹੀ ਕਿਸੇ ਹੋਰ ਚੀਜ਼ ਲਈ। ਮੈਂ ਇਹ ਮਿੱਥ ਲਿਆ ਸੀ ਕਿ ਮੇਰਾ ਕੰਮ ਹੈ ਲੋਕਾਂ ਤਕ ਸੁਨੇਹਾ ਪਹੁੰਚਾਉਣਾ, ਨਾਟਕ ਦੇ ਰਾਹੀਂ। ਯਾਨੀ ਨਾਟਕ ਨੂੰ ਇਕ ਸਾਧਨ ਦੇ ਤੌਰ 'ਤੇ ਵਰਤਣਾ। ਵੱਡੀ ਗੱਲ ਇਹ ਹੈ ਕਿ ਲੋਕਾਂ ਤਕ ਸੁਨੇਹਾ ਪਹੁੰਚਾਉਣਾ ਚਾਹੀਦਾ ਹੈ। ਮੈਂ ਜਿਹੜੀ ਗੱਲ ਕਹਿਣੀ ਚਾਹੁੰਦਾ ਹਾਂ, ਉਹ ਇਹ ਹੈ ਕਿ ਜਨਤਕ ਥੀਏਟਰ ਦੀਆਂ ਜ਼ਰੂਰਤਾਂ ਹੀ ਹੋਰ ਹਨ, ਉਹਦੀ ਜੜਤ ਹੀ ਹੋਰ ਹੈ। ਮੈਂ ਇਹਨਾਂ ਨਾਲ ਆਪਣਾ ਮੁਕਾਬਲਾ ਕਿਉਂ ਕਰਾਂ। ਮੇਰੀ ਪ੍ਰਤੀਬੱਧਤਾ ਲੋਕਾਂ ਨਾਲ ਹੈ ਤੇ ਇਹ ਬੜੀ ਨਰੋਈ ਪ੍ਰਤੀਬੱਧਤਾ ਹੈ। ਇਉਂ ਮੋਢੀ ਵਾਲੀ ਭੂਮਿਕਾ ਨਿਭਾਈ ਗਈ ਮੈਂ ਤੁਰਿਆ ਗਿਆ, ਖਲੋਤਾ ਨਹੀਂ। ਤੇ ਹੌਲੀ-ਹੌਲੀ ਹੁਣ ਨਾਟਕ ਦੀ ਗੱਲ ਪੰਜਾਬ ਦੇ ਪਿੰਡਾਂ ਵਿਚ ਆਮ ਹੋਣ ਲੱਗ ਪਈ ਹੈ। ਜਦੋਂ ਆਮ ਹੋਣ ਲੱਗ ਪਈ ਹੈ, ਤਾਂ ਚੰਗੀਆਂ ਸਟੇਜਾਂ ਵੀ ਬਣਨ ਲੱਗ ਪਈਆਂ ਨੇ। ਸੁਰਜੀਤ ਸਿੰਘ ਸੇਠੀ ਦਾ ਇਹ ਬੜਾ ਪੱਕਾ ਵਿਚਾਰ ਹੈ ਕਿ ਨਾਟਕ ਹੈ ਹੀ ਇਲੀਟ ਲੋਕਾਂ ਦਾ ਅਤੇ ਇਹਦੇ ਸਾਧਨ ਵੀ ਉਹੋ ਜਿਹੇ ਨੇ, ਖਰਚੇ ਵੀ ਉਹੋ ਜਿਹੇ ਨੇ। ਪਰ ਮੇਰਾ ਥੀਏਟਰ ਇਲੀਟ ਦਾ ਨਹੀਂ, ਅਵਾਮ ਦਾ ਹੈ। ਰਹੀ ਗੱਲ ਬੰਦਿਸ਼ ਦੀ। ਵਿਚਲੀ ਗੱਲ ਤਾਂ ਇਹ ਕਿ ਬੰਦਿਸ਼ ਕੀ ਹੈ ਨਾਟਕ ਦੀ ? ਅਸਲ ਵਿਚ ਬੰਦਿਸ਼ ਨਾਟਕ ਦੀ ਐਕਟਿੰਗ ਹੀ ਹੈ, ਜੀਹਨੂੰ ਨਾਟਕੀ ਰੂਪ ਕਹਿ ਦਿੱਤਾ ਜਾਂਦਾ ਹੈ ਜਾਂ ਜਿਹੜੀ ਗੱਲ ਕਹਿੰਦੇ ਪਏ ਹਾਂ, ਉਹੀ ਕਹਿਣੀ ਕਿਸ ਤਰ੍ਹਾਂ ਹੈ। ਰਵਾਇਤੀ ਨਾਟਕੀ ਬੰਦਿਸ਼ਾਂ ਮੈਂ ਕਈ ਵਾਰ ਪਾਰ ਕਰ ਜਾਂਦਾ ਹਾਂ। ਮੈਂ ਜਿਹੜੀ ਗੱਲ ਕਹਿਣੀ ਹੈ, ਉਹ ਕਹਿ ਦਿੰਦਾ ਹਾਂ। ਮੈਂ ਆਪਣੇ ਵਾਸਤੇ ਕੋਈ ਬੰਦਿਸ਼ ਨਹੀਂ ਸਮਝਦਾ। ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ ਕਿਹੜੀ ਗੱਲ ਕਿਸ ਤਰੀਕੇ ਨਾਲ ਕਹਿ ਰਿਹਾ ਹਾਂ। ਜੇ ਮੈਂ ਆਲੋਚਕਾਂ ਦੀਆਂ ਲਾਈਆਂ ਬੰਦਿਸ਼ਾਂ ਨੂੰ ਮੰਨਦਾ ਹੁੰਦਾ ਤਾਂ ਹੁਣ ਤਕ ਕਦੋਂ ਦਾ ਬਹਿ ਗਿਆ ਹੁੰਦਾ।

? ਤੁਸਾਂ ਇਕ ਵਾਰ ਕਿਹਾ ਸੀ ਕਿ "ਮੈਂ ਥੀਏਟਰ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਸਮਾਜਕ ਚੇਤਨਾ ਦੇਣੀ ਚਾਹੁੰਦਾ ਹਾਂ।" ਕੀ ਤੁਹਾਨੂੰ ਆਪਣੇ ਇਸ ਮਿਸ਼ਨ ਵਿਚ ਕਾਮਯਾਬੀ ਹੋਈ ਹੈ ?

• ਮੈਂ ਮਹਿਸੂਸ ਕਰਦਾ ਹਾਂ ਕਿ ਸਮਾਜਕ ਚੇਤਨਾ ਕਈ ਵਾਰ ਇਸ ਗੱਲ ਵਿਚ ਵੇਖੀ ਜਾਂਦੀ ਹੈ ਕਿ ਸਰਕਾਰਾਂ ਬਦਲਣ ਵਿਚ ਕਾਮਯਾਬੀ ਹੋਈ ਹੈ ਕਿ ਨਹੀਂ। ਗੱਲ ਇਹ

ਹੈ ਕਿ ਜਦੋਂ ਕਿਹਾ ਜਾਂਦਾ ਹੈ, ਪਿਛਲੇ 50-60 ਸਾਲ ਤੋਂ ਚੱਲ ਰਹੀ ਕਮਿਊਨਿਸਟ ਤਹਿਤ ਫੇਲ੍ਹ ਹੋ ਗਈ ਹੈ, ਮੈਂ ਕਹਿੰਦਾ ਹਾਂ, ਕਿਵੇਂ ਫੇਲ ਹੋ ਗਈ ਹੈ ? ਅੱਜ ਤੋਂ 15, 20 ਜਾਂ 25 ਸਾਲ ਪਹਿਲਾਂ ਦਾ ਸਮਾਜ ਵੇਖੀਏ ਤਾਂ ਮੁਹੱਲੇ ਵਿਚ ਜਦੋਂ ਕੋਈ ਕਾਰ ਆਉਂਦੀ ਸੀ ਜਾਂ ਕੋਈ ਕੋਠੀ ਵਾਲਾ ਆਦਮੀ ਲੰਘਦਾ ਸੀ, ਤਾਂ ਮੁਹੱਲੇ ਦੇ ਲੋਕ ਸਲਾਮ ਕਰਿਆ ਕਰਦੇ ਸਨ। ਪਰ ਹੁਣ ਉਨ੍ਹਾਂ ਦੇ ਮਨ ਵਿਚ ਇਹ ਗੱਲ ਆਈ ਹੈ ਕਿ ਇਹਦੇ ਕੋਲ ਕਾਰ ਕਿਉਂ ਹੈ, ਕੋਠੀ ਕਿਉਂ ਹੈ ? ਇਹ ਜਿਹੜੀ ਚੇਤਨਾ ਹੈ, ਜ਼ਰੂਰੀ ਨਹੀਂ ਕਮਿਊਨਿਸਟ ਹਕੂਮਤ ਆਈ ਤੋਂ ਹੀ ਮਿਲਦੀ ਹੈ। ਲੋਕਾਂ ਦਾ ਇਹ ਕਹਿਣਾ ਕਿ ਗਰੀਬ ਆਦਮੀ ਨੂੰ ਵੀ ਜਿਉਣ ਦਾ ਹੱਕ ਹੈ—ਇਹ ਚੇਤਨਾ ਹੈ ਕੀਹਦੀ ਦੇਣ ? ਇਹ ਸਾਡੇ ਫ਼ਲਸਫ਼ੇ ਦੀ ਦੇਣ ਹੈ।

? ਅਕਸਰ ਕਿਹਾ ਜਾਂਦਾ ਹੈ ਕਿ ਕਿਸੇ ਕੌਮ ਦੀ ਤਰੱਕੀ ਦਾ ਪਤਾ ਉਹਦੇ ਵਿਕਸਿਤ ਥੀਏਟਰ ਤੋਂ ਲਗਦਾ ਹੈ। ਪਰ ਪੰਜਾਬੀ ਵਿਚ ਤਾਂ ਵਣਜੀ ਥੀਏਟਰ ਦੀ ਲਗਭਗ ਅਣਹੋਂਦ ਹੀ ਹੈ। ਕੀ ਪੰਜਾਬੀ ਵਿਚ ਵਣਜੀ ਥੀਏਟਰ ਦਾ ਕੋਈ ਭਵਿੱਖ ਹੈ ?

• ਪੰਜਾਬ ਦਾ ਇਕ ਖਾਸ ਕਿਸਮ ਦਾ ਸਭਿਆਚਾਰ ਹੈ। ਸਾਹਿਤ, ਕਲਾ ਜਾਂ ਹੁਨਰ ਦੇ ਪੱਖੋਂ ਅਸੀਂ ਹੁਣ ਪਿਛੇ ਨਹੀਂ ਰਹੇ। ਇਸ ਵਿਚ ਅਸੀਂ ਹੁਣ ਕਾਫੀ ਤਰੱਕੀ ਕੀਤੀ ਹੈ। ਜਿਥੋਂ ਤੱਕ ਥੀਏਟਰ ਦਾ ਸਬੰਧ ਹੈ, ਮੇਰੇ ਨਾਂ ਨਾਲ ਸਟਰੀਟ ਥੀਏਟਰ ਦਾ ਬਾਦਸ਼ਾਹ ਦਾ ਵਿਸ਼ੇਸ਼ਣ ਜੋੜਿਆ ਗਿਆ ਹੈ। ਮਰਾਠੀ, ਬੰਗਾਲੀ ਵਿਚ ਵੀ ਵਣਜੀ ਥੀਏਟਰ ਹੈ। ਪਰ ਉਥੋਂ ਦੇ ਲੋਕ ਹੁਣ ਇਸ ਥੀਏਟਰ ਨੂੰ ਛੱਡ ਕੇ ਮੁੜ ਲੋਕ-ਥੀਏਟਰ ਵੱਲ ਆ ਗਏ ਹਨ। ਚਮਕੀਲੇ ਪਹਿਰਾਵੇ, ਰੰਗਾਂ ਨਾਲ ਪੋਚੇ ਚਿਹਰੇ ਹੁਣ ਲੋਕਾਂ ਨੂੰ ਪ੍ਰਭਾਵਿਤ ਕਰਨ ਤੋਂ ਅਸਮਰਥ ਨੇ। ਟੀ. ਵੀ. ਡਰਾਮਾ ਵੀ ਪੇਸ਼ਾਵਰ ਹੀ ਹੈ। ਪੇਸ਼ਾਵਰ ਡਰਾਮਾ ਕੇਵਲ ਟਿਕਟ 'ਤੇ ਹੀ ਨਹੀਂ ਹੁੰਦਾ। ਸੋ ਪੰਜਾਬ ਵਿਚ ਨਾਟਕ-ਪ੍ਰੰਪਰਾ ਕਮਜ਼ੋਰ ਨਹੀਂ। ਇਹਦਾ ਭਵਿੱਖ ਕਾਫੀ ਉੱਜਲ ਹੈ।

? ਤੁਸੀਂ ਬਹੁਤ ਸਾਰੇ ਇਕਾਂਗੀ, ਪੂਰੇ ਨਾਟਕ ਅਤੇ ਕਾਵਿ-ਰਚਨਾਵਾਂ ਤੇ ਨਾਵਲਾਂ ਦੇ ਨਾਟਕੀ ਰੂਪ ਬੜੀ ਸਫ਼ਲਤਾ ਨਾਲ ਮੰਚ ਉੱਤੇ ਪੇਸ਼ ਕੀਤੇ ਹਨ। ਪਰ ਇਨ੍ਹਾਂ ਸਾਰੇ ਤਜ਼ਰਬਿਆਂ ਵਿਚ ਤੁਸੀਂ ਮੰਚ ਨੂੰ ਸਾਧਾਰਨ ਹੀ ਰੱਖਿਆ ਹੈ, ਜਦੋਂ ਕਿ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਸਮੁੱਚੀ ਮੰਚ-ਜੜਤ ਤੋਂ ਬਿਨਾਂ ਨਾਟਕ ਦਾ ਦਰਸ਼ਕਾਂ ਉਤੇ ਪ੍ਰਭਾਵ ਮਨਫ਼ੀ ਹੋ ਜਾਂਦਾ ਹੈ। ਤੁਹਾਡਾ ਇਸ ਬਾਰੇ ਕੀ ਪ੍ਰਤੀਕਰਮ ਹੈ ?

• ਕੁਝ ਨਾਟਕ ਲਿਖੇ ਹੀ ਇਸ ਤਰ੍ਹਾਂ ਜਾਂਦੇ ਹਨ ਕਿ ਉਨ੍ਹਾਂ ਨੂੰ ਸਟੇਜ ਉਤੇ ਮੰਚ-ਜੜਤ ਅਤੇ ਰੌਸ਼ਨੀ ਆਦਿ ਦੇ ਪ੍ਰਭਾਵ ਦਿੱਤੇ ਜਾਂਦੇ ਹਨ। ਪਰ ਨਾਟਕ ਦਾ ਵਿਸ਼ਾ ਹੀ ਅਸਲੀ ਪ੍ਰਭਾਵ ਹੁੰਦਾ ਹੈ, ਨਾ ਕਿ ਸਟੇਜ-ਜੜਤ। ਸਭ ਤੋਂ ਵੱਡੀ ਲੋੜ ਮਾਨਵੀ ਹਮਦਰਦੀ ਦੀ ਹੈ। ਕੋਲੇ ਦੀ ਖਾਣ ਨਾਲ ਸਬੰਧਤ ਨਾਟਕ ਵਿਚ ਕੋਲੇ ਦੀ ਖਾਣ ਵਿਖਾਉਣ ਦੀ ਲੋੜ ਨਹੀਂ। ਪਰ ਜਿਥੇ ਸਾਧਨ ਮਿਲ ਜਾਣ, ਵਰਤ ਲੈਣੇ ਚਾਹੀਦੇ ਹਨ। ਜਿਥੇ

ਨਹੀਂ ਮਿਲਦੇ, ਉਥੇ ਮੰਚ-ਜੜਤ ਦਾ ਕੈਦੀ ਨਹੀਂ ਬਨਣਾ ਚਾਹੀਦਾ। ਜੇ ਇਉਂ ਕੈਦੀ ਬਣ ਗਏ, ਫੇਰ ਤਾਂ ਅਸੀਂ ਮਾਰੇ ਗਏ। ਮੈਂ ਬੰਬਈ 'ਚਾਂਦਨੀ ਚੌਂਕ ਤੋਂ ਸਰਹੰਦ ਤਕ' ਨਾਟਕ ਕਰ ਰਿਹਾ ਸੀ, ਸ਼ਨਮੁਖਾਨੰਦ ਹਾਲ ਵਿਚ ,ਜਿਹੜਾ ਬੰਬਈ ਦਾ ਸਭ ਤੋਂ ਵੱਡਾ ਹਾਲ ਹੈ ਅਤੇ ਜਿਥੇ ਅਕਸਰ ਡਰਾਮੇ ਹੁੰਦੇ ਰਹਿੰਦੇ ਹਨ। ਉਹਦੇ ਵਿਚ ਰੌਸ਼ਨੀਆਂ ਆਦਿ ਦਾ ਬੜਾ ਪ੍ਰਬੰਧ ਸੀ। ਦਰਸ਼ਕਾਂ ਵਿਚ ਦਲੀਪ ਕੁਮਾਰ ਵੀ ਸੀ। ਤੇ ਮੈਂ ਜਦੋਂ ਨਾਟਕ ਸਾਫ਼ ਕਾਲੇ ਪਰਦੇ ਦੇ ਸਾਹਮਣੇ ਸ਼ੁਰੂ ਕੀਤਾ, ਕੁਝ ਅੱਗੋਂ, ਕੁਝ ਪਿਛੋਂ ਇਉਂ ਅਵਾਜ਼ਾਂ ਆਈਆਂ ਜਿਸ ਤਰ੍ਹਾਂ ਕਿਸੇ ਗੱਲ ਦਾ ਮਖੌਲ ਉਡਾਈਦਾ ਹੈ। ਮੈਂ ਬੋਲਣਾ ਸ਼ੁਰੂ ਕੀਤਾ, "ਮੈਨੂੰ ਇਤਿਹਾਸ ਕਹਿੰਦੇ ਨੇ, ਮੈਂ ਹਰ ਯੁੱਗ ਵਿਚ ਹਾਜ਼ਰ ਰਿਹਾ ਹਾਂ"। ਤੇ ਮੈਂ ਆਪਣੀ ਆਵਾਜ਼ ਨੂੰ ਇਕ ਮਿੰਟ ਵਿਚ ਪੂਰਾ ਫੈਲਾਇਆ। ਜਦੋਂ ਮੈਂ ਨਾਟਕ ਕਰਕੇ ਹਟਿਆ ਤਾਂ ਦਲੀਪ ਕੁਮਾਰ ਸਟੇਜ ਉਤੇ ਆਇਆ। ਥੋੜੀ ਜਿਹੀ ਪੀਤੀ ਹੁੰਦੀ ਹੈ ਇਨ੍ਹਾਂ ਲੋਕਾਂ ਨੇ ! ਕੁਝ ਭਾਵੁਕ ਵੀ ਸੀ। ਕਹਿਣ ਲੱਗਾ, "ਸਰਦਾਰ ਸਾਹਿਬ, ਸੁਨਾ ਕਰਤੇ ਥੇ ਕਿ ਸ਼ੈਕਸਪੀਅਰ ਕੇ ਜ਼ਮਾਨੇ ਮੇਂ ਲੋਗ ਬਿਲਕੁਲ ਬਲੈਕ ਕਰਟਿਨ ਕੇ ਆਗੇ ਆ ਕਰ ਨਾਟਕ ਕਿਆ ਕਰਤੇ ਥੇ ਔਰ ਘੰਟਾ ਭਰ ਲੋਗੋਂ ਕੋ ਸਪੈੱਲ-ਬਾਊਂਡ ਰਖਤੇ ਥੇ। ਆਜ ਇਸ ਹਾਲ ਮੇਂ ਹਮਨੇ ਫਿਰ ਦੇਖਾ। ਹਮ ਆਪ ਕੇ ਆਗੇ ਸਰ ਝੁਕਾਤੇ ਹੈਂ। ਆਪ ਬਹੁਤ ਬੜੇ ਕਲਾਕਾਰ ਹੈਂ।" ਖੈਰ, ਇਹ ਬੰਬਈ ਦਾ ਥੀਏਟਰ ਸੀ, ਜਿਸ ਵਿਚ ਰੌਸ਼ਨੀਆਂ ਦਾ ਅਤੇ ਹੋਰ ਸਾਰੇ ਕੁਝ ਦਾ ਪ੍ਰਬੰਧ ਸੀ। ਪਰ ਮੈਂ ਕੁਝ ਵੀ ਨਾ ਵਰਤਿਆ। ਫਿਰ ਵੀ ਉਹਦਾ ਵਧੇਰੇ ਪ੍ਰਭਾਵ ਪਿਆ। ਮੈਂ ਆਮ ਰੌਸ਼ਨੀ ਵਿਚ ਨਾਟਕ ਕਰ ਰਿਹਾ ਸੀ, ਬਿਲਕੁਲ ਕਾਲੇ ਪਰਦੇ ਦੇ ਸਾਹਮਣੇ। ਤਾਂ ਵੀ ਮੈਂ ਵਧੀਆ ਕਰ ਸਕਿਆ।

? ਤੁਸੀਂ ਬਹੁਤ ਸਾਰੇ ਧਾਰਮਿਕ ਨਾਟਕਾਂ ਦਾ ਮੰਚਣ ਵੀ ਕੀਤਾ ਹੈ। ਇਹਦੇ ਪਿਛੇ ਵੀ ਤੁਹਾਡਾ ਉਦੇਸ਼ ਇਨਕਲਾਬੀ ਲਹਿਰ ਨੂੰ ਬਲਵਾਨ ਕਰਨਾ ਰਿਹਾ ਹੈ ਜਾਂ ਕੁਝ ਹੋਰ ?

• ਇਕੋ ਹੀ ਉਦੇਸ਼ ਹੈ, ਲੋਕਾਂ ਨੂੰ ਜਾਗ੍ਰਿਤ ਕਰਨਾ। ਜਦੋਂ ਮੈਂ ਪਿੰਡਾਂ ਵਿਚ ਨਿਕਲਿਆਂ, ਤਾਂ ਮੈਂ ਵੇਖਿਆਂ ਕਿ ਤਿੰਨ ਨਾਇਕ ਲੋਕਾਂ ਵਿਚ ਬੜੇ ਹਰਮਨ ਪਿਆਰੇ ਨੇ, ਗੁਰੂ ਨਾਨਕ, ਗੁਰੂ ਗੋਬਿੰਦ ਅਤੇ ਭਗਤ ਸਿੰਘ। ਮੈਂ ਇਨਾਂ ਦੇ ਕੈਲੰਡਰ ਅਤੇ ਹੋਰ ਕਾਫ਼ੀ ਕੁਝ ਨਾਲ ਲੈ ਜਾਂਦਾ ਹਾਂ। ਪਰ ਜਿਹੜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਇਨਾਂ ਨਾਇਕਾਂ ਦੀਆਂ ਕਹਾਣੀਆਂ ਰਾਹੀਂ, ਗੱਲ ਤਾਂ ਮੈਂ ਉਹੋ ਹੀ ਕਹਿਣੀ ਹੈ। ਜਦੋਂ ਮੈਂ ਗੁਰੂ ਨਾਨਕ ਦੀ ਗੱਲ ਕਰਦਾ ਹਾਂ ਤਾਂ ਮੈਂ ਕਹਿੰਦਾ ਹਾਂ ਕਿ ਮਲਕ ਭਾਗੋ ਤੇ ਭਾਈ ਲਾਲੋ ਵਿਚੋਂ ਅਸੀਂ ਸਾਥ ਭਾਈ ਲਾਲੋ ਦਾ ਦੇਣਾ ਹੈ। ਜਦੋਂ ਮੈਂ ਗੁਰੂ ਗੋਬਿੰਦ ਸਿੰਘ ਦੀ ਗੱਲ ਕਰਦਾ ਹਾਂ ਤਾਂ ਆਖਦਾ ਹਾਂ ਕਿ ਭਾਵੇਂ ਕਿੰਨੀਆਂ ਵੀ ਮੁਸੀਬਤਾਂ ਆ ਜਾਣ, ਸੰਘਰਸ਼ ਕਰਨ ਵਾਲੇ ਕਦੇ ਹਾਰਦੇ ਨਹੀਂ ਸਗੋਂ ਅੱਗੇ ਹੀ ਵਧਦੇ ਜਾਂਦੇ ਹਨ। ਇਹ ਦੋ ਗੱਲਾਂ ਮੈਂ ਕਹਿਣੀਆਂ ਹੁੰਦੀਆਂ ਹਨ, ਇਹੀ ਕਹੀਆਂ ਹਨ। ਭਾਵੇਂ

ਮੈਂ 'ਇਹ ਲਹੂ ਕਿਸਦਾ ਹੈ' ਕੀਤਾ ਹੈ ਭਾਵੇਂ 'ਜਿਨੁ ਸਚਿ ਪਲੈ ਹੋਇ'। ਮੈਂ ਕਹਿੰਦਾ ਹਾਂ ਕਿ ਜਿਹੜੇ ਲੋਕ ਮਿਹਨਤ ਕਰਦੇ ਨੇ, ਉਹੀ ਜ਼ਿੰਦਗੀ ਦੇ ਬਾਦਸ਼ਾਹ ਹੋਣੇ ਚਾਹੀਦੇ ਹਨ। ਜਿਹੜੇ ਸੱਚ ਦੇ ਆਸ਼ਕ ਨੇ ਉਹੀ ਆਪਣੀ ਕਹੀ ਹੋਈ ਹਰ ਗੱਲ 'ਤੇ ਕੁਰਬਾਨੀ ਦੇ ਦਿੰਦੇਹਨ। ਗੁਰੂ ਗੋਬਿੰਦ ਸਿੰਘ ਤੋਂ ਬਾਅਦ ਜਿਹੜੇ ਸਿੱਖ ਵਿਸ਼ੇ ਮੈਂ ਪੇਸ਼ ਕੀਤੇ ਹਨ, ਉਹ ਧਰਮ ਦੀ ਖਾਤਰ ਸ਼ਹੀਦ ਹੋਇਆ ਬਾਰੇ ਹਨ। ਆਖ਼ਰ ਸਾਡਾ ਸਾਰਿਆਂ ਦਾ ਧਰਮ ਹੈ ਕਿ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕਰੀਏ। ਸਮਾਜ ਨੂੰ ਬਦਲਣ ਦਾ ਉਨ੍ਹਾਂ ਦਾ ਟੀਚਾ ਵੀ ਇਕ ਧਰਮ ਹੀ ਸੀ। ਸਾਰਾ ਕੁਝ ਸਹਿੰਦਿਆਂ ਹੋਇਆ ਵੀ ਉਨ੍ਹਾਂ ਨੇ ਆਪਣੀ ਗੱਲ ਕਹਿਣ ਦਾ ਹੌਸਲਾ ਕੀਤਾ। ਇਸੇ ਤਰ੍ਹਾਂ ਭਗਤ ਸਿੰਘ ਰਾਹੀਂ ਵੀ ਇਹ ਗੱਲ ਕਹੀ ਹੈ। ਭਗਤ ਸਿੰਘ ਬਾਰੇ ਨਾਟਕ 'ਮੈਂ ਨਾਸਤਕ ਹਾਂ' ਦਾ ਸੰਦੇਸ਼ ਵੀ ਇਹੋ ਹੈ। ਮੈਂ ਕਹਿੰਦਾ ਹਾਂ ਕਿ ਮੇਰਾ ਸਿੱਖੀ ਦਾ ਪ੍ਰਚਾਰ ਕਰਨ ਦਾ ਕੋਈ ਵਿਚਾਰ ਨਹੀਂ। ਕੁਝ ਲੋਕ ਮੇਰੇ ਇਨ੍ਹਾਂ ਨਾਟਕਾਂ ਨੂੰ ਸਿੱਖੀ ਦਾ ਪ੍ਰਚਾਰ ਹੀ ਸਮਝਦੇ ਹਨ। ਪਰ ਜਦੋਂ ਮੈਂ ਕੋਈ ਇਸ ਤਰ੍ਹਾਂ ਦਾ ਨਾਟਕ ਲੈਂਦਾ ਹਾਂ ਤਾਂ ਉਸ ਵਿਚ ਕੋਈ ਅਜਿਹੀ ਵਾਰਤਾਲਾਪ ਸਿਰਜ ਲੈਂਦਾ ਹਾਂ ਕਿ ਅਜਿਹਾ ਪ੍ਰਭਾਵ ਮਨਫ਼ੀ ਹੋ ਜਾਂਦਾ ਹੈ।

? ਗੁਰੂ ਨਾਇਕ ਨੂੰ ਪਾਤਰ ਦੇ ਰੂਪ ਵਿਚ ਸਟੇਜ ਉਤੇ ਪੇਸ਼ ਨਾ ਕਰਨ ਦੀ ਬੰਦਿਸ਼ ਸੰਪੂਰਨ ਨਾਟਕੀ ਟੱਕਰ ਸਿਰਜਣ ਵਿਚ ਰੁਕਾਵਟ ਬਣਦੀ ਹੈ। ਕੀ ਤੁਸੀਂ ਸਮਝਦੇ ਹੋ ਕਿ ਅਜਿਹੇ ਧਾਰਮਿਕ ਨਾਟਕ ਵਰਤਮਾਨ ਸਮੇਂ ਕੁਝ ਸਾਰਥਕ ਵਿਆਖਿਆ ਕਰ ਸਕਦੇ ਹਨ ?

• ਅਸਲ ਗੱਲ ਇਹ ਹੈ ਕਿ ਗੁਰੂ ਸਹਿਬਾਨ ਦਾ ਸਥਾਨ ਸਾਡੇ ਸਮਾਜ ਵਿਚ ਬਹੁਤ ਸਤਿਕਾਰਯੋਗ ਹੈ। ਜੇ ਗੁਰੂ ਸਾਹਿਬਾਨ ਦੇ ਸਵਾਂਗ ਬਣਾਉਣ ਨਾਲ ਲੋਕਾਂ ਦੇ ਜਜ਼ਬਾਤ ਨੂੰ ਠੇਸ ਪੁੱਜਦੀ ਹੈ ਤਾਂ ਕੋਈ ਲੋੜ ਨਹੀਂ ਬਣਾਉਣ ਦੀ। ਜੇ ਅਸੀਂ ਗੁਰੂ ਦੀ ਬਾਣੀ ਰਾਹੀਂ ਗੱਲ ਸਿਰਜ ਸਕਦੇ ਹਾਂ, ਇਹੋ ਠੀਕ ਹੈ। ਕੁਝ ਇਹੋ ਜਿਹੇ ਪਾਤਰ ਲਿਆ ਕੇ ਅਸੀਂ ਗੱਲ ਦਰਸ਼ਕ ਰਾਹੀਂ ਪੁੱਜਦੀ ਕਰ ਸਕੀਏ ਤਾਂ ਬੜਾ ਸਫ਼ਲ ਨਾਟਕ ਬਣ ਜਾਣਾ ਹੈ। 'ਜਿਨੁ ਸਚਿ ਪਲੈ ਹੋਇ', 'ਇਹ ਲਹੂ ਕਿਸਦਾ ਹੈ', 'ਨਿਓਟਿਆ ਦੀ ਓਟ' ਆਦਿ ਨਾਟਕ ਮੈਂ ਗੁਰੂ ਸਾਹਿਬਾਨ ਬਾਰੇ ਕੀਤੇ ਹਨ। ਬੜੇ ਸਫ਼ਲ ਰਹੇ ਹਨ। 'ਤੱਤੀ ਤਵੀ ਤੇ' ਦੇ ਨਾਇਕ ਗੁਰੂ ਅਰਜਨ ਦੇਵ ਹਨ। ਜਦੋਂ ਨਾਇਕ ਨੂੰ ਨਹੀਂ ਲਿਆਂਦਾ ਤਾਂ ਕੋਈ ਫਰਕ ਨਹੀਂ ਪਿਆ। ਅਸਲ ਵਿਚ ਨਾਇਕ ਨੂੰ ਲਿਆਉਣ ਜਾਂ ਨਾ ਲਿਆਉਣ ਦੀ ਗੱਲ ਏਨੀ ਨਹੀਂ। ਅਸਲ ਗੱਲ ਤਾਂ ਉਹਨਾਂ ਦੇ ਉਦੇਸ਼ ਦੀ ਹੈ ਜਾਂ ਸੰਦੇਸ਼ ਦੀ, ਜਿਹੜਾ ਦੇ ਕੇ ਉਹ ਆਪਣੇ ਮਿਸ਼ਨ ਵਿਚ ਸਫ਼ਲ ਹੋ ਜਾਂਦੇ ਨੇ।

? ਪੰਜਾਬ ਦੇ ਬਹੁਤ ਸਾਰੇ ਨਾਟਕਕਾਰਾਂ ਨੇ, ਜਿਨ੍ਹਾਂ ਵਿਚ ਗਾਰਗੀ, ਸੇਠੀ, ਘੁੰਮਣ, ਆਤਮਜੀਤ, ਔਲਖ ਆਦਿ ਸ਼ਾਮਲ ਹਨ, ਆਪਣੇ ਕਈ ਨਾਟਕਾਂ ਵਿਚ ਕਾਵਿ

ਬਿੰਬ ਪੇਸ਼ ਕੀਤੇ ਹਨ। ਕੀ ਤੁਸੀਂ ਵੀ ਆਪਣੇ ਕਿਸੇ ਨਾਟਕ ਵਿਚ ਅਜਿਹਾ ਕਾਵਿ-ਬਿੰਬ ਸਿਰਜਿਆ ਹੈ ਜਾਂ ਮੰਚ ਉਤੇ ਅਜਿਹੇ ਕਾਵਿ-ਬਿੰਬ ਵਾਲੇ ਨਾਟਕ ਪੇਸ਼ ਕੀਤੇ ਹਨ ?

• ਮੈਂ ਕਾਵਿ-ਬਿੰਬ ਤਾਂ ਨਹੀਂ ਕਹਿੰਦਾ ਪਰ ਮੈਂ ਪ੍ਰਤੀਕ ਵਰਤ ਕੇ ਬੜੇ ਨਾਟਕ ਕੀਤੇ ਹਨ। ਇਸ ਸੰਬੰਧ ਵਿਚ ਮੇਰਾ ਇਕ ਬੜਾ ਹੀ ਪ੍ਰਸਿੱਧ ਨਾਟਕ ਕ੍ਰਿਸ਼ਨ ਚੰਦਰ ਦੀ ਕਹਾਣੀ ਉਤੇ ਅਧਾਰਤ ਹੈ-'ਟੋਆ'। 'ਜੰਗੀ ਰਾਮ ਦੀ ਹਵੇਲੀ' ਵੀ ਮੇਰਾ ਬੜਾ ਪ੍ਰਸਿੱਧ ਨਾਟਕ ਹੈ। 'ਜੰਗੀ ਰਾਮ ਦੀ ਹਵੇਲੀ' ਪ੍ਰਤੀਕ ਵਰਤ ਕੇ ਚੋਣ-ਪ੍ਰਬੰਧ ਨੂੰ ਨੰਗਾ ਕੀਤਾ ਹੈ। 'ਇਹ ਲਹੂ ਕਿਸਦਾ ਹੈ' ਅਤੇ 'ਤਮਾਸ਼ਾ ਞੁਸਤਾਨ' ਵਿਚ ਸਾਧਾਰਨ ਆਦਮੀ ਦਾ ਪ੍ਰਤੀਕ ਇਕ ਜਮੂਰਾ ਬਣਾਇਆ ਹੈ। ਇਸ ਤਰ੍ਹਾਂ ਲੋੜ ਅਨੁਸਾਰ ਅਤੇ ਆਪਣੀ ਗੱਲ ਕਹਿਣ ਲਈ ਮੈਂ ਪ੍ਰਤੀਕ ਵਰਤੇ ਹਨ, ਪ੍ਰਤੀਕਾਂ ਵਾਲੇ ਨਾਟਕ ਪੇਸ਼ ਕੀਤੇ ਹਨ।

? ਪੰਜਾਬੀ ਦੇ ਕੁਝ ਨਾਟਕਾਂ ਨੇ ਬਰੈਖ਼ਤ ਦੇ ਪ੍ਰਭਾਵ ਅਧੀਨ 'ਐਪਿਕ ਥੀਏਟਰ' ਦੇ ਅੰਸ਼ ਵਰਤੇ ਹਨ, ਜਿਨ੍ਹਾਂ ਵਿਚ ਸਟੇਜ ਉਤੇ ਹਰ ਚੀਜ਼ ਨੂੰ ਪੇਸ਼ ਕਰਨਾ ਸੰਭਵ ਹੈ। ਕੀ ਤੁਸੀਂ ਵੀ ਰੰਗਮੰਚ ਉਤੇ ਕੋਈ ਇਹੋ ਜਿਹਾ ਪ੍ਰਯੋਗ ਕਰਨ ਦਾ ਜਤਨ ਕੀਤਾ ਹੈ ?

• ਬਰੈਖ਼ਤ ਦਾ ਨਾਟਕ ਮੈਂ ਕੀਤਾ ਹੈ। ਮੈਂ ਇਹ ਵੇਖਦਾ ਹਾਂ ਕਿ ਮਾਈਮ ਵਿਚ ਨਿੱਕੀਆਂ ਵੱਡੀਆਂ ਰਚਨਾਵਾਂ ਪਈਆਂ ਰਹਿੰਦੀਆਂ ਹਨ। ਮਾਈਮ ਕਦੇ ਵੀ ਮਰਦਾ ਨਹੀਂ। ਰਵਿੰਦਰ ਰਵੀ ਦੀ ਇਹ ਕਵਿਤਾ ਹੈ 'ਰੂਹ ਪੰਜਾਬ ਦੀ'। ਉਹਦਾ ਮੈਂ ਨਾਟਕੀ ਰੂਪਾਂਤਰ ਪੇਸ਼ ਕਰ ਰਿਹਾ ਹਾਂ। ਉਸ ਵਿਚ ਮੈਂ ਇਹ ਗੱਲ ਪੇਸ਼ ਕੀਤੀ ਹੈ ਕਿ ਜਦੋਂ ਤੱਤੀਆਂ ਹਵਾਵਾਂ ਚੱਲ ਰਹੀਆਂ ਹਨ ਅਤੇ ਲੋਕ ਆਪਸ ਵਿਚ ਨਫ਼ਰਤ ਫੈਲਾ ਰਹੇ ਹਨ, ਜ਼ਿੰਦਗੀ ਰੂਪੀ ਰੁੱਖ ਮੁਰਝਾ ਗਿਆ ਹੈ। ਪੰਜ-ਛੇ ਕਲਾਕਾਰ ਇਕ ਜ਼ਿੰਦਗੀ ਰੂਪੀ ਰੁੱਖ ਬਣਾ ਲੈਂਦੇ ਹਨ, ਜਿਹੜਾ ਨਫ਼ਰਤ ਦੀ ਤੱਤੀ ਹਵਾ ਵਿਚ ਮੁਰਝਾ ਜਾਂਦਾ ਹੈ। ਜਿਵੇਂ-ਜਿਵੇਂ ਕਵਿਤਾ ਅੱਗੇ ਜਾ ਰਹੀ ਹੈ, ਉਹ ਰੁੱਖ ਜੜ੍ਹਾਂ ਤੋਂ ਉਖੜਦਾ ਹੈ। ਉਸ ਵੇਲੇ ਦੇ ਬੋਲ ਹਨ :

ਜੜਾਂ ਵਾਲਿਓ ਜੜ ਦੀ ਕਰੋ ਪਛਾਣ!

ਉਸਤੋਂ ਬਾਅਦ ਲੋਕ ਫਿਰ ਨਫ਼ਰਤ ਵਿਚ ਅਪਸ ਵਿਚ ਲੜ ਰਹੇ ਹਨ। ਇਹ ਸਾਰਾ ਕੁਝ ਮਾਇਮ ਵਿਚ ਹੈ। ਕਵਿਤਾ ਨਾਲ-ਲਾਲ ਚੱਲਦੀ ਰਹੀ ਹੈ। ਕਰਫ਼ਿਊ ਲਗਦਾ ਹੈ। ਸਾਂਝਾ ਦੁਸ਼ਮਣ ਲੋਕਾਂ ਨੂੰ ਦਬਾ ਰਿਹਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਹੈ ਕਿ ਇਕੱਠੇ ਰਹੀਏ। ਬੋਲ ਹਨ।

ਜੜਾਂ ਵਾਲਿਓ ਜੜ ਦੀ ਕਰੋ ਪਛਾਣ!
ਮੋਹ-ਮਾਇਆ ਦੇ ਸੌ ਸਿਰਨਾਵੇਂ
ਮਾਂ ਦਾ ਇਕੋ ਨਾਂ!

ਜਦੋਂ ਪੰਜਾਬ ਦੀ ਏਕਤਾ ਸਾਕਾਰ ਹੋ ਜਾਂਦੀ ਹੈ ਤਾਂ ਹੌਲੀ ਹੌਲੀ ਉਹ ਫਿਰ ਰੁੱਖ ਬਣਾਉਂਦੇ ਹਨ ਅਤੇ ਰੁੱਖ ਜਵਾਨ ਹੋ ਜਾਂਦਾ ਹੈ। ਉਹ ਰੁੱਖ ਖਿੜਿਆ ਹੈ, ਉਹਦੇ ਪੱਤੇ ਹਨ। ਇਹ ਸਾਰਾ ਕੁਝ ਮਾਇਮ ਦੇ ਪਿਛੇ ਹੀ ਦੱਸਿਆ ਗਿਆ ਹੈ। ਅੱਜ ਦੇ ਯੁੱਗ ਵਿਚ ਐਕਟਰ ਮਾਇਮ ਦੇ ਨਾਲ ਨਾਲ ਐਕਸ਼ਨ ਕਰ ਕੇ ਬੜਾ ਕੁਝ ਸਮਝਾ ਦਿੰਦੇ ਹਨ। ਪਰ ਕੁਝ ਚੀਜ਼ਾਂ ਦੀ ਸਟੇਜ ਵਾਸਤੇ ਲੋੜ ਹੁੰਦੀ ਹੈ। ਜਿਨ੍ਹਾਂ ਦੀ ਸਟੇਜ ਉਤੇ ਲੋੜ ਹੈ, ਵਰਤ ਲੈਣੀਆਂ ਚਾਹੀਦੀਆਂ ਹਨ। ਕੇਵਲ ਵਿਜ਼ੂਅਲ ਠੀਕ ਰੱਖਣੇ ਚਾਹੀਦੇ ਹਨ।

? ਜਿਵੇਂ-ਜਿਵੇਂ ਮਨੁੱਖ ਤਰੱਕੀ ਕਰਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਮਨੁੱਖੀ ਰਿਸ਼ਤੇ ਤੇ ਵਿਸ਼ਵਾਸ ਤਿੜਕ ਰਹੇ ਹਨ ਅਤੇ ਇਹ ਤਿੜਕ ਐਬਸਰਡਿਟੀ ਨੂੰ ਜਨਮ ਦੇ ਰਹੀ ਹੈ। ਕਈ ਵਿਦਵਾਨਾਂ ਨੇ ਇਥੋਂ ਤਕ ਕਹਿ ਦਿੱਤਾ ਹੈ ਕਿ ਅੱਜ ਦਾ ਯਥਾਰਥ ਹੀ ਐਬਸਰਡਿਟੀ ਹੈ। ਕੀ ਤੁਸੀਂ ਵੀ ਆਪਣੇ ਯਥਾਰਥਵਾਦੀ ਨਾਟਕਾਂ ਵਿਚ ਅਜਿਹੇ ਅੰਸ਼ਾਂ ਦੀ ਵਰਤੋਂ ਕੀਤੀ ਹੈ ?

• ਵੇਖੋ, ਇਸ ਸਮਾਜ ਵਿਚ ਵੱਖਰੇ-ਵੱਖਰੇ ਵਿਅਕਤੀਆਂ ਦੇ ਵੱਖਰੇ-ਵੱਖਰੇ ਤਜ਼ਰਬੇ ਹਨ। ਯੂਰਪੀ ਸਮਾਜ ਦੇ ਬਹੁਤ ਸਾਰੇ ਹਿੱਸੇ ਵਿਚ ਇਹ ਤ੍ਰੇੜ ਹੈ। ਮਾਨਸਿਕ ਤ੍ਰੇੜਾਂ ਨੂੰ ਉਹ ਆਪਣੇ ਨਾਟਕਾਂ ਵਿਚ ਲੈਂਦੇ ਹਨ। ਉਹ ਬੜੀ ਚੰਗੀ ਤਰ੍ਹਾਂ ਇਨ੍ਹਾਂ ਨੂੰ ਪੇਸ਼ ਕਰਦੇ ਹਨ। ਇਹ ਉਨ੍ਹਾਂ ਲਈ ਇਕ ਪ੍ਰਤੱਖ ਸਮੱਸਿਆ ਹੈ। ਕੁਝ ਚੰਗੇ ਨਾਟਕ ਪੰਜਾਬੀ ਵਿਚ ਵੀ ਇਨ੍ਹਾਂ ਲੀਹਾਂ ਉਤੇ ਲਿਖੇ ਗਏ ਹਨ। ਪਰ ਮੇਰਾ ਥੀਏਟਰ ਲੋਕ-ਸੰਘਰਸ਼ ਦਾ ਥੀਏਟਰ ਹੈ। ਮੈਂ ਇਸ ਗੱਲ ਨੂੰ ਲਿਆਉਣਾ ਚਾਹੁੰਦਾ ਹਾਂ ਕਿ ਲੋਕ ਇਸ ਤਰ੍ਹਾਂ ਬੇਦਿਲ ਨਾ ਹੋਣ। ਦਿੱਲੀ ਜਾਂ ਹੋਰ ਵੱਡੇ ਸ਼ਹਿਰਾਂ ਦੀ ਜੰਗਲ ਰੂਪੀ ਸੁਸਾਇਟੀ ਜਾਂ ਯੂਰਪ ਜੰਗਲ ਰੂਪੀ ਸੁਸਾਇਟੀ ਵਿਚ ਅਜਿਹੀ ਮਾਨਸਿਕਤਾ ਜਾਂ ਬੇਦਿਲੀ ਦੀ ਸਮੱਸਿਆ ਵਿਸ਼ਾ ਵਸਤੂ ਹੋ ਸਕਦੀ ਹੈ। ਸਾਡੇ ਲੋਕ ਅਜੇ ਉਸ ਪੜਾਅ ਉਤੇ ਨਹੀਂ ਪਹੁੰਚੇ ਕਿ ਅਜਿਹੀਆਂ ਮਾਨਸਿਕ ਤ੍ਰੇੜਾਂ ਉਨ੍ਹਾਂ ਦੀ ਸਮੱਸਿਆ ਬਨਣ। ਹਾਲੀ ਤਾਂ ਉਹ ਗਰੀਬੀ ਤੋਂ ਐਗਜਿਸਟੈਂਸ ਵੱਲ ਸਫ਼ਰ ਕਰ ਰਹੇ ਨੇ। ਇਹ ਐਬਸਰਡਿਟੀ ਜ਼ਿੰਦਗੀ ਦਾ ਯਥਾਰਥ ਹੈ, ਪਰ ਇਕ ਸਮਾਜ ਦਾ, ਸਭ ਸਮਾਜਾਂ ਦਾ ਨਹੀਂ। ਮੈਂ ਜਿਹੜੇ ਲੋਕਾਂ ਵਿਚ ਜਾਣਾਂ ਚਹੁੰਦਾ ਹਾਂ, ਉਨ੍ਹਾਂ ਦੇ ਸੰਘਰਸ਼ ਐਬਸਰਡਿਟੀ ਦੇ ਨਹੀਂ ਹਨ। ਉਨ੍ਹਾਂ ਦਾ ਸੰਘਰਸ਼ ਸਿੱਧਾ ਹੈ, ਨਿੱਘਰ ਹੈ। ਉਨ੍ਹਾਂ ਨੂੰ ਲਗਾਤਾਰ ਡਰ ਰਹਿੰਦਾ ਹੈ ਕਿ ਕਿਸੇ ਵੇਲੇ ਉਨ੍ਹਾਂ ਨੂੰ ਕੰਮ ਨਹੀਂ ਮਿਲੇਗਾ ਜਾਂ ਉਹ ਬੇ-ਰੁਜ਼ਗਾਰ ਹੋ ਜਾਣਗੇ। ਔਰਤ ਨੂੰ ਡਰ ਹੈ ਕਿ ਉਹਦਾ ਮਰਦ ਸ਼ਰਾਬ ਪੀ ਕੇ ਉਹਨੂੰ ਕੁੱਟਗਾ, ਮਾਰੇਗਾ। ਇਹ ਸਮੱਸਿਆਵਾਂ ਨੇ ; ਕੋਈ ਐਬਸਰਡਿਟੀ ਨਹੀਂ ਹੈ। ਇਹ ਬੜੀਆਂ ਠੋਸ ਸਮੱਸਿਆਵਾਂ ਨੇ। ਸਾਡਾ, ਜਿਹੜੇ ਇਸ ਪਾਸੇ ਕੰਮ ਕਰਦੇ ਹਾ ਅਤੇ ਜਿਨ੍ਹਾਂ ਦਾ ਇਹ ਖੇਤਰ ਹੈ, ਇਹ ਫ਼ਰਜ਼ ਬਣਦਾ ਹੈ ਕਿ ਜ਼ਿੰਦਗੀ ਦੇ ਇਸ ਸੰਘਰਸ਼ ਬਾਰੇ ਲੋਕਾਂ ਨੂੰ ਸੁਚੇਤ ਕਰੀਏ, ਨਾ ਕੀ ਐਬਸਰਡਿਟੀ ਵਿਖਾਈਏ। ਅਸੀਂ ਸਮਝਦੇ

ਹਾਂ ਕਿ ਇਹ ਗ਼ਲਤ ਰੁਚੀ ਹੈ ਕਿ ਐਬਸਰਡਿਟੀ ਵਿਖਾ ਕੇ ਇਹ ਪ੍ਰਭਾਵ ਪਾ ਦਿੱਤਾ ਕਿ ਬੰਦਾ ਭਾਵੇਂ ਕੁਝ ਵੀ ਕਰੇ, ਜੋ ਉਪਰ ਵਾਲੇ ਨੇ ਲਿਖ ਦਿੱਤਾ, ਉਹੀ ਉਹਦੀ ਤਕਦੀਰ ਰਹਿਣੀ ਹੈ। ਸੰਘਰਸ਼ ਕੀ ਕਰਨਾ ਹੈ। ਕਰਨੀ ਦਾ ਫਲ ਖਾਣਾ ਹੈ। ਇਸੇ ਫ਼ਲਸਫ਼ੇ ਦੇ ਵਿਰੁੱਧ ਅਸੀਂ ਲੜਾਈ ਲੜਦੇ ਹਾਂ। ਇਹ ਫ਼ਲਸਫ਼ਾ ਜੇ ਇਕ ਵਾਰ ਆ ਗਿਆ, ਫਿਰ ਜਿੰਨੀ ਮਰਜ਼ੀ ਤਰੱਕੀ ਹੋ ਜਾਵੇ, ਜਿਵੇਂ ਯੂਰਪ ਵਿਚ ਹੈ, ਬੰਦਾ ਖ਼ੁਸ਼ ਕਦੀ ਨਹੀਂ ਹੋ ਸਕਦਾ। ਜਿਹੜਾ ਉਤਲਾ ਤਬਕਾ ਹੈ, ਉਹ ਕਹਿੰਦਾ ਹੈ, ਲੈ ਅਸੀਂ ਕੋਈ ਖ਼ੁਸ਼ ਹਾਂ ; ਬੰਦਾ ਕਦੇ ਖ਼ੁਸ਼ ਨਹੀਂ ਹੋ ਸਕਦਾ। ਅਸੀਂ ਮਾਇਆ ਵਾਲੇ ਕੀ ਖ਼ੁਸ਼ ਹਾਂ ? ਇਸ ਤਰ੍ਹਾਂ ਦੀ ਜ਼ਿੰਦਗੀ ਵਿਖਾ ਕੇ ਉਹ ਲੋਕਾਂ ਨੂੰ ਅਸਲੀ ਲੜਾਈ ਤੋਂ ਪਰੇ ਕਰ ਰਹੇ ਹਨ। ਇਹ ਉਨ੍ਹਾਂ ਦਾ ਇਕ ਤਰੀਕਾ ਨੂੰ। ਐਬਸਰਡਿਟੀ ਕੁਝ ਲੋਕਾਂ ਦੀ ਜ਼ਿੰਦਗੀ ਦਾ ਯਥਾਰਥ ਹੈ, ਸਮੁੱਚੀ ਜ਼ਿੰਦਗੀ ਦਾ ਨਹੀਂ। ਇਸ ਕਰਕੇ ਕਈ ਵਾਰ ਫ਼ੈਸ਼ਨ ਵਜੋਂ ਬਹੁਤ ਸਾਰੇ ਨਾਟਕ, ਕਹਾਣੀਆਂ, ਕਵਿਤਾਵਾਂ ਅਤੇ ਨਾਵਲ ਲਿਖੇ ਗਏ, ਪਰ ਹੌਲੀ ਹੌਲੀ ਫੇਰ ਸਾਰੇ ਯਥਾਰਥ ਵੱਲ ਹੀ ਆ ਰਹੇ ਨੇ।

? ਕੁਝ ਆਲੋਚਕਾਂ ਦਾ ਵਿਚਾਰ ਹੈ ਕਿ ਤੁਹਾਡਾ ਨਾਟਕ-ਸੰਕਲਪ ਭਾਈ ਵੀਰ ਸਿੰਘ ਦੇ ਨਾਟਕ-ਸੰਕਲਪ ਨਾਲ ਮਿਲਦਾ ਹੋਇਆ ਜਾਪਦਾ ਹੈ। ਭਾਈ ਵੀਰ ਸਿੰਘ 'ਰਾਜਾ ਲੱਖਦਾਤਾ ਸਿੰਘ' ਦੀ ਭੂਮਿਕਾ ਵਿਚ ਕਹਿੰਦਾ ਹੈ ਕਿ ਸੁਧਾਰ ਦੇ ਹੋਰ ਵੀ ਬਹੁਤ ਸਾਰੇ ਜਤਨ ਹੋ ਰਹੇ ਹਨ, ਪਰ ਇਨ੍ਹਾਂ ਵਿਚੋਂ ਨਾਟਕ ਆਪਣੀ ਗੱਲ ਲੋਕਾਂ ਦਾ ਪੁਚਾਉਣ ਲਈ ਸਾਰਥਕ ਸਿੱਧ ਹੋ ਸਕਦਾ ਹੈ। 'ਬਾਬਾ ਬੋਲਦਾ ਹੈ', 'ਕੁਰਸੀ ਵਾਲਾ, ਮੰਜੀ ਵਾਲਾ' ਆਦਿ ਦੇ ਨਾਟਕ-ਸੰਕਲਪ ਭਾਈ ਵੀਰ ਸਿੰਘ ਨਾਲ ਮਿਲਦੇ-ਜੁਲਦੇ ਹਨ। ਜਿਥੇ ਭਾਈ ਵੀਰ ਸਿੰਘ ਸਿੱਖ ਪਰਿਵਾਰਾਂ ਦੇ ਸੁਧਾਰ ਦੇ ਆਸੇ ਨਾਲ ਸਿੰਘ ਸਭਾ ਲਹਿਰ ਅਧੀਨ 'ਰਾਜਾ ਲੱਖਦਾਤਾ ਸਿੰਘ' ਦੀ ਰਚਨਾ ਕਰਦਾ ਹੈ, ਉਥੇ ਤੁਸੀ ਨਕਸਲੀ ਲਹਿਰ ਦੇ ਬੁਨਿਆਦੀ ਆਧਾਰਾਂ ਨੂੰ ਅਤੇ ਭ੍ਰਿਸ਼ਟ ਰਾਜਨੀਤਕ ਸਥਿਤੀਆਂ ਤੇ ਰਾਜਨੀਤੀਵਾਨਾਂ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਨਾਟਕ ਸਿਰਜਣ ਲਈ ਵਰਤਿਆ ਹੈ। ਕਈ ਵਾਰ ਇਹ ਨਾਟਕ ਇਤਿਹਾਸ ਜਾਂ ਭ੍ਰਿਸ਼ਟ ਰਾਜਨੀਤੀ ਬਾਰੇ ਭਾਸ਼ਨ ਹੋ ਨਿਬੜਦੇ ਹਨ। ਇਹਤੋਂ ਜਾਪਦਾ ਹੈ ਕਿ ਤੁਹਾਡੇ ਵਫ਼ਾਦਾਰੀ ਨਾਟਕ ਰੂਪ ਨਾਲੋਂ ਵਧੇਰੇ ਵਰਤਮਾਨ ਸਮੇਂ ਦੀ ਭ੍ਰਿਸ਼ਟ ਰਾਜਨੀਤੀ ਦੀਆਂ ਕਮੀਨਗੀਆਂ ਨੂੰ ਨੰਗਿਆਂ ਕਰਨ ਵੱਲ ਹੈ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ ?

• ਪਹਿਲੀ ਗੱਲ ਤਾਂ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਗੱਲ ਵਿਚ ਮੈਂ ਕੋਈ ਝਿਜਕ ਮਹਿਸੂਸ ਨਹੀਂ ਕਰਦਾ ਕਿ ਭਾਈ ਵੀਰ ਸਿੰਘ ਦੀ ਮਿਸ਼ਨ ਸੀ ਸਿੱਖ ਕੁਰੀਤੀਆਂ ਨੂੰ ਨੰਗਾ ਕਰਨਾ, ਮੇਰਾ ਮਿਸ਼ਨ ਹੈ ਅੱਜ ਦੇ ਸਮਾਜ ਦੀਆਂ ਕੁਰੀਤੀਆਂ ਨੂੰ ਨੰਗਾ ਕਰਨਾ। ਜਦੋਂ ਵੀ ਬੰਦਾ ਕਿਸੇ ਮਿਸ਼ਨ ਨਾਲ ਨਿਕਲਦਾ ਹੈ ਤਾਂ ਉਹ ਕੋਈ ਆਪਣੇ ਹੀ ਰੂਪ ਸਿਰਜਦਾ ਹੈ। ਬਾਬਾ ਨਾਨਕ ਦਾ ਜਿਹੜਾ ਕਾਵਿ ਹੈ, ਉਹ ਮਿਸ਼ਨ

ਦਾ ਕਾਵਿ ਹੈ। ਉਹ ਘਰੋਂ ਨਿਕਲੇ ਸਨ ਲੋਕਾਂ ਨੂੰ ਸੁਚੇਤ ਕਰਨ ਵਾਸਤੇ। ਉਨ੍ਹਾਂ ਨੇ ਕਈ ਵਾਰ ਕਾਵਿ ਦੇ ਰਵਾਇਤੀ ਰੂਪ ਨਹੀਂ ਸਨ ਵਰਤੇ, ਸਗੋਂ ਆਪਣਾ ਇਕ ਨਵਾਂ ਰੂਪ ਵਿਕਸਿਤ ਕੀਤਾ ਕਿ ਪਹਿਲੀਆਂ ਪੰਜਾਂ ਸਤਰਾਂ ਵਿਚ ਸਵਾਲ ਪੁਛੋ, ਛੇਵੀਂ ਵਿਚ ਜਵਾਬ ਦਿਓ। ਉਨ੍ਹਾਂ ਦੇ ਸਮਿਆਂ ਵਿਚ ਉਨ੍ਹਾਂ ਦੀ ਆਲੋਚਨਾ ਹੋਈ ਹੋਣੀ ਹੈ। ਇਸੇ ਤਰ੍ਹਾਂ ਭਾਈ ਵੀਰ ਸਿੰਘ ਨੇ ਕੀਤਾ। ਮੈਂ ਇਹ ਵੀ ਮੰਨਦਾ ਹਾਂ ਕਿ ਮੈਂ ਵੀ ਆਪਣਾ ਇਕ ਰੂਪ ਵਿਕਸਿਤ ਕੀਤਾ ਹੈ। ਮੈਂ ਬੜਾ ਹੈਰਾਨ ਹੋਇਆ, ਜਦੋਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਵੇਖਿਆ ਕਿ ਨਾਟਕ ਜਿਹੜੀ ਸ਼ੈਲੀ ਵਿਚ ਮੈ ਕਰ ਰਿਹਾ ਹਾਂ, ਉਥੇ ਵੀ ਇਸਤਰੀ ਗਰੁੱਪਾਂ ਜਾਂ ਮਜ਼ਦੂਰਾਂ ਦੇ ਗਰੁੱਪਾਂ ਵੱਲੋਂ ਕੀਤੇ ਜਾਂਦੇ ਨਾਟਕਾਂ ਦਾ ਸੰਕਲਪ ਉਹੀ ਹੈ। ਇਹ ਸੰਕਲਪ ਕਿਉਂ ਸਾਂਝਾ ਹੋ ਗਿਆ ਸਾਡਾ ਸਾਰਿਆਂ ਦਾ ? ਕਿਉਂਕਿ ਉਹ ਵੀ ਸਾਡੇ ਵਾਂਗ ਹੀ ਇਕ ਮਿਸ਼ਨ ਲੈ ਕੇ ਨਿਕਲੇ ਹੋਏ ਹਨ। ਬਲੈਕ ਥੀਏਟਰ ਵੱਲੋਂ ਗੋਰੇ ਥੀਏਟਰ ਦੇ ਵਿਰੁਧ ਸੰਘਰਸ਼ ਵਿਚ ਆਪਣਾ ਵਿਸ਼ੇਸ਼ ਰੂਪ ਅਪਣਾਇਆ ਜਾ ਰਿਹਾ ਹੈ। ਭਾਈ ਵੀਰ ਸਿੰਘ ਵੀ ਪਹੁੰਚੇ ਸੀ, ਨੀਗਰੋ ਥੀਏਟਰ ਵਾਲੇ ਵੀ ਪਹੁੰਚੇ ਨੇ, ਪਹੁੰਚਿਆ ਮੈਂ ਵੀ ਹਾਂ, ਕਿਉਂਕਿ ਅਸੀਂ ਸਾਰਿਆਂ ਨੇ ਆਪਣੀ ਗੱਲ ਕਹਿਣੀ ਹੁੰਦੀ ਹੈ। ਇਹ ਸਭ ਮਨਪਰਚਾਵੇ ਵਾਸਤੇ ਨਹੀਂ, ਗੱਲ ਕਹਿਣ ਵਾਸਤੇ, ਆਪਣਾ ਸੁਨੇਹਾ ਦੇਣ ਵਾਸਤੇ ਬਾਹਰ ਨਿਕਲੇ ਹਨ। ਸੋ ਜੇ ਇਹ ਸੰਕਲਪ ਆਪਸ ਵਿਚ ਮਿਲ ਗਏ ਤਾਂ ਕੋਈ ਹਰਜ ਨਹੀਂ, ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਹ ਬੜੀ ਅਜੀਬ ਜਿਹੀ ਧਾਰਨਾ ਹੈ ਕਿ ਫਲਾਣਾ ਨਾਟਕ ਭਾਸ਼ਣ ਹੋ ਨਿਬੜਿਆ। ਕੀ ਸ਼ੈਕਸਪੀਅਰ ਦੇ ਨਾਟਕ ਜਿਨ੍ਹਾਂ ਵਿਚ ਕਰੈਕਟਰ ਢਾਈ-ਤਿੰਨ ਸਫ਼ੇ ਦਾ ਵਾਰਤਾਲਾਪ ਬੋਲ ਰਿਹਾ ਹੈ, ਜ਼ਿੰਦਗੀ ਦਾ ਫਲਸਫਾ ਦੱਸ ਰਿਹਾ ਹੈ, ਭਾਸ਼ਣ ਨਹੀਂ ? ਸਾਡੇ ਮੌਜੂਦਾ ਨਾਟਕਕਾਰਾਂ ਵਲੋਂ ਹਰਸ਼ਰਨ ਸਿੰਘ ਅਤੇ ਘੁੰਮਣ ਦੇ ਨਾਟਕ ਵੀ ਭਾਸ਼ਣ ਦੇ ਰਹੇ ਹਨ। ਇਹ ਕਹਿਣਾ ਕਿ ਭਾਸ਼ਣ ਹੋ ਨਿਬੜਿਆ ਹੈ, ਕੋਈ ਗੱਲ ਨਹੀਂ। ਉਹ ਭਾਸ਼ਣ ਸੁਣਿਆ ਗਿਆ ਕਿ ਨਹੀਂ, ਲੋਕਾਂ ਨੇ ਕਿਤੇ ਰੌਲਾ ਤਾਂ ਨਹੀਂ ਪਾਇਆ ? ਕਿਤੇ ਲੋਕ ਉਠ ਕੇ ਤਾਂ ਨਹੀਂ ਚਲੇ ਗਏ ? ਮੈਂ ਸਮਝਦਾ ਹਾਂ ਕਿ ਮੇਰੀ ਜਿਹੜੀ ਐਕਟਿੰਗ ਦੀ ਸ਼ੈਲੀ ਹੈ, ਉਸੇ ਵਿਚ ਹੀ ਮੈਂ ਭਾਸ਼ਣ ਦੇ ਸਕਦਾ ਹਾਂ। ਮੇਰੇ ਹੀ ਨਾਟਕ ਜੇ ਕੋਈ ਹੋਰ ਕਰੈਕਰਟਰ ਕਰਨ ਤਾਂ ਉਹ ਕਾਮਯਾਬ ਨਹੀਂ ਹੁੰਦੇ। ਭਾਸ਼ਨ ਵਿਚ ਜੇ ਨਾਟਕੀ ਪਕੜ ਹੈ ਤਾਂ ਭਾਸ਼ਨ ਵੀ ਨਾਟਕ ਹੈ। ਇਹ ਨੁਕਸ ਨਹੀਂ। ਪਰ ਜੇ ਐਵੇਂ ਉਤੋਂ ਆ ਕੇ ਕੋਈ ਪਾਤਰ ਭਾਸ਼ਨ ਪਿਆ ਕਰਦਾ ਹੈ ਤਾਂ ਉਹ ਪਕੜ ਖ਼ਤਮ ਹੋ ਜਾਵੇਗੀ। ਜੋ ਕੁਝ ਮੈਂ ਕਹਿ ਰਿਹਾ ਹਾਂ, ਭਾਵੇਂ ਭਾਸ਼ਨ ਨਾਲ ਕਹਾਂ,ਭਾਵੇਂ ਕਿਸੇ ਪਾਤਰ ਦੇ ਮੂੰਹੋਂ ਕਹਾਵਾਂ ਤੇ ਭਾਵੇਂ ਮੈਂ ਸਵਾਲ ਕਰਕੇ ਜਵਾਬ ਦਰਸ਼ਕਾਂ ਕੋਲੋਂ ਲਵਾਂ, ਮੈਂ ਆਪਣੀ ਗੱਲ ਕਹਿਣੀ ਹੈ। ਮੈਂ ਮੰਨਦਾ ਹਾਂ ਕਿ ਮੈਂ ਇਹਦੇ ਲਈ ਹਰ ਕਿਸਮ ਦੇ ਸਾਧਨਾਂ ਨੂੰ ਵਰਤਦਾ ਹਾਂ।

? ਟੈਲੀਵਿਯਨ ਆਉਣ ਨਾਲ ਲੋਕਾਂ ਵਿਚ ਰੰਗਮੰਚ ਪ੍ਰਤੀ ਰੁਚੀ ਘਟੀ ਜਾਪਦੀ ਹੈ।

ਖ਼ਾਸ ਕਰਕੇ ਲਾਹੌਰ ਟੀ. ਵੀ. ਦੇ ਨਾਟਕਾਂ ਦੇ ਪ੍ਰਭਾਵ ਅਧੀਨ ਇਹ ਰੁਚੀ ਰੰਗਮੰਚ ਲਈ ਨੁਕਸਾਨਦੇਹ ਹੈ ਜਾਂ ਨਹੀਂ, ਤੁਹਾਡਾ ਕੀ ਵਿਚਾਰ ਹੈ ?

• ਸ਼ਹਿਰ ਦਾ ਜਿਹੜਾ ਨਾਟਕ ਸੀ, ਜਿਹੜਾ ਸਿਰਫ਼ ਮਨ ਪਰਚਾਵੇ ਲਈ ਸੀ, ਉਹ ਟੀ. ਵੀ. ਨੇ ਖਾ ਲਿਆ। ਪਰ ਜਿਹੜਾ ਨਾਟਕ ਮੈਂ ਕਰਦਾ ਹਾਂ। ਉਨ੍ਹਾਂ ਉਤੇ ਟੀ. ਵੀ. ਦਾ ਕੋਈ ਅਸਰ ਨਹੀ ਕਿਉਂਕਿ ਉਹ ਚਲੰਤ ਸਮੱਸਿਆਵਾਂ ਬਾਰੇ ਹਨ। ਮੇਰੀ ਜਿਹੜੀ ਸ਼ਹਿਰ ਦੀ ਸਮਗਰਮੀ ਸੀ, ਉਹਦੇ ਉਤੇ ਜ਼ਰੂਰ ਅਸਰ ਪਿਆ। ਮੈਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਮੇਰੇ ਜਿਹੜੇ ਹੋਰ ਨਾਟਕ ਨੇ, ਮੇਰਾ ਜਿਹੜਾ ਗਲੀ ਦਾ ਨਾਟਕ ਹੈ ਪਿੰਡਾਂ ਦਾ ਥੀਏਟਰ ਹਨ, ਉਨ੍ਹਾਂ ਉਤੇ ਟੀ. ਵੀ. ਦਾ ਕੋਈ ਅਸਰ ਨਹੀਂ ਹੋਵੇਗਾ। ਜਿਹੜੇ ਲੋਕ ਕੁਰਸੀਆਂ ਉਤੇ ਬਹਿ ਕੇ ਜਾਂ ਫਿਰ ਥੋੜ੍ਹੀ ਜਿਹੀ ਆਪਣੇ ਮਨ ਦੀ ਤਸੱਲੀ ਲਈ ਨਾਟਕ ਵੇਖਦੇ ਹਨ, ਉਨ੍ਹਾਂ ਨੂੰ ਕੀ ਲੋੜ ਪਈ ਹੈ ਠੰਡੀਆਂ ਰਾਤਾਂ ਵਿਚ ਓਪਨ ਥੀਏਟਰ ਵਿਚ ਬੈਠਣ ਦੀ ? ਟੀ. ਵੀ. ਉਤੇ ਚੰਗੇ ਤੋਂ ਚੰਗੇ ਨਾਟਕ ਵੇਖ ਸਕਦੇ ਹਨ। ਟੀ. ਵੀ. ਨਾਟਕ ਦੀ ਇਕ ਆਪਣੀ ਦੇਣ ਹੈ। ਸ਼ਹਿਰ ਦੇ ਜਿਹੜੇ ਇਸ ਕਿਸਮ ਦੇ ਨਾਟਕ ਨੇ ਜਿਨ੍ਹਾਂ ਵਿਚ ਸਿਰਫ਼ ਮਨਪ੍ਰਚਾਵਾ ਹੈ ਜਾਂ ਜੋ ਔਖਤੀ ਪੇਸ਼ਾਵਰ ਹਨ, ਉਹ ਟੀ. ਵੀ. ਉਤੇ ਆ ਗਏ ਨੇ।

? ਅੱਜ-ਕੱਲ੍ਹ ਬਹੁਤੇ ਨਾਟਕਕਾਰ ਫ਼ਿਲਮਾਂ ਵਾਂਗ ਲੇਖਕ, ਨਿਰਦੇਸ਼ਕ, ਐਕਟਰ ਆਦਿ ਦੀਆਂ ਸਾਰੀਆਂ ਭੂਮਿਕਾਵਾਂ ਨਿਭਾਉਣ ਵੱਲ ਰੁਚਿਤ ਹਨ। ਇਸ ਨਾਲ ਕਈ ਵਾਰ ਪੇਸ਼ਕਾਰੀ ਵਿਚ ਊਣਤਾਈਆਂ ਵੀ ਆ ਸਕਦੀਆਂ ਹਨ। ਕੀ ਤੁਹਾਨੂੰ ਕਦੀ ਇਸ ਤਰ੍ਹਾਂ ਦਾ ਅਨੁਭਵ ਹੋਇਆ ਹੈ ?

• ਸੱਚੀ ਗੱਲ ਇਹ ਹੈ ਕਿ ਜਿਹੜੇ ਨਾਟਕ ਲਿਖਦਾ ਹਾਂ ਜਾਂ ਮੇਰੇ ਜਿਹੜੇ ਐਕਟਰ ਮੇਰੀ ਨਿਗਰਾਨੀ ਥੱਲੇ ਐਕਟਿੰਗ ਕਰਦੇ ਨੇ, ਮੈਂ ਆਪਣੇ ਆਪ ਨੂੰ ਉਨ੍ਹਾਂ ਵਿਚ ਕਦੇ ਬਹੁਤਾਂ ਨਿਰਦੇਸ਼ਕ ਸਥਾਪਤ ਨਹੀਂ ਕੀਤਾ। ਮੈਂ ਆਪਣੇ ਐਕਟਰਾਂ ਵਿਚ, ਭਾਵੇਂ ਉਹ ਮੇਰੇ ਪਹਿਲੇ ਐਕਟਰ ਜਤਿੰਦਰ ਕੌਰ, ਹਰਭਜਨ ਜੱਬਲ, ਸਰਦਾਰਜੀਤ ਬਾਵਾ, ਵੇਦ ਸ਼ਰਮਾ ਆਦਿ ਸਨ, ਭਾਵੇਂ ਮਗਰੋਂ ਦੇ ਐਕਟਰ, ਕਦੇ ਵੀ ਨਿਰਦੇਸ਼ਕ ਦਾ ਰੋਲ ਆਪਣੇ ਉਤੇ ਨਹੀਂ ਲਿਆ। ਮੈਂ ਨਾਟਕ ਲਿਖਣੇ, ਸਾਰਾ ਪ੍ਰਬੰਧ ਕਰਨਾ, ਰੀਹਰਸਲਾਂ ਆਪਣੀ ਨਿਗਰਾਨੀ ਥੱਲੇ ਕਰਵਾ ਦੇਣੀਆਂ ਅਤੇ ਇਹ ਕਹਿ ਦੇਣਾ ਕਿ ਇਹ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਬਹੁਤੀ ਵਾਰ ਉਹ ਕੋਸ਼ਿਸ਼ ਆਪ ਕਰਦੇ ਸਨ। ਪਰ ਕੁਝ ਅਜਿਹੇ ਨਾਟਕਕਾਰ ਵੀ ਹਨ, ਜਿਨ੍ਹਾਂ ਵਿਚ ਮੈਂ ਆਤਮਜੀਤ ਦੀ ਮਿਸਾਲ ਲੈਂਦਾ ਹਾਂ, ਜਿਹੜੇ ਜਦੋਂ ਨਾਟਕ ਲਿਖਦੇ ਹਨ, ਨਿਰਦੇਸ਼ਕ ਵੀ ਆਪ ਹੁੰਦੇ ਹਨ। ਇਹਨੂੰ ਕਮਜ਼ੋਰੀ ਕਿਉਂ ਕਿਹਾ ਜਾਵੇ ; ਮੈਂ ਨਹੀਂ ਕਹਿੰਦਾ। ਉਹਦੇ ਵਿਚ ਸਮਰੱਥਾ ਹੈ ਕਿ ਉਹ ਲਿਖ ਵੀ ਸਕਦਾ ਹੈ। ਹਾਂ, ਜੇ ਟੋਲੀ ਵਿਚ ਇਕ ਆਦਮੀ ਅਜਿਹਾ ਹੈ ਜਿਹੜਾ ਰੌਸ਼ਨੀਆਂ ਦਾ ਚੰਗੇਰਾ ਕੰਟਰੋਲ ਕਰ ਸਕਦਾ ਹੈ ਤਾਂ ਲੇਖਕ ਜਾਂ ਨਿਰਦੇਸ਼ਕ ਦਾ ਇਹ ਕੰਮ ਆਪਣੇ ਜ਼ਿੰਮੇ ਲੈਣਾ ਗ਼ਲਤੀ ਹੈ। ਮੈਂ ਇਹ ਮਿਸਾਲ

ਦਿੰਦਾ ਹਾਂ। ਮੇਰੀ ਜਿਹੜੀ ਪਹਿਲੀ ਟੀਮ ਸੀ, ਉਸ ਵਿਚ ਦੋ ਬੰਦੇ ਓ. ਸੀ. ਐਮ. ਤੋਂ ਆਏ ਸਨ। ਇਕ ਬੁੱਧ ਸਿੰਘ ਸੀ ਜੋ ਹੁਣ ਫ਼ਿਲਮ ਲਾਈਨ ਵਿਚ ਅੰਮ੍ਰਿਤਪਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਦੂਜਾ ਜਗਦੀਸ਼ ਸ਼ਰਮਾ। ਇਹ ਦੋਵੇਂ ਉਥੇ ਡੀਜ਼ਾਈਨਰ ਸਨ। ਇਸ ਕਰਕੇ ਉਨ੍ਹਾਂ ਨੂੰ ਰੰਗ ਵਗੈਰਾ ਦੀ ਜਾਂ ਮੰਚ ਜ਼ਰੂਤ ਦੀ ਸਾਡੇ ਸਾਰਿਆਂ ਨਾਲੋਂ ਜ਼ਿਆਦਾ ਸਮਝ ਸੀ। ਸੋ ਮੈਂ ਹਮੇਸ਼ਾਂ ਹੀ ਕਹਿੰਦਾ ਸੀ ਕਿ ਤੁਹਾਡਾ ਜ਼ਿੰਮਾ ਹੈ ਪ੍ਰਬੰਧ ਕਰਨ ਦਾ, ਮੇਰਾ ਜ਼ਿੰਮਾ ਹੈ ਜਿਹੜੀ ਚੀਜ਼ ਲਿਖ ਕੇ ਦਿਓਗੇ, ਲਿਆ ਦਿਆਂਗਾ। ਫ਼ਿਲਮ ਲਾਈਨ ਵਿਚ ਗੋਬਿੰਦ ਨਿਹਾਲਾਨੀ ਫੋਟੋਗ੍ਰਾਫ਼ਰ ਹੈ। ਜਦੋਂ ਉਹ ਨਿਰਦੇਸ਼ਨ ਕਰਦਾ ਹੈ, ਉਹ ਨਿਰਦੇਸ਼ਕ ਅਤੇ ਫੋਟੋਗ੍ਰਾਫ਼ਰ ਦੇ ਦੋਵੇਂ ਕੰਮ ਕਰਦਾ ਹੈ। ਜੇ ਉਹ ਨਾਲ ਲੇਖਕ ਵੀ ਹੋਵੇ, ਤਾਂ ਲਿਖ ਵੀ ਸਕਦਾ ਹੈ। ਇਹ ਉਹਦੀ ਆਪਣੀ ਸਮਰੱਥਾ ਹੈ। ਜੇ ਅਜਿਹੇ ਕਿਸੇ ਆਦਮੀ ਵਿਚ ਕਮਜ਼ੋਰੀ ਆ ਜਾਂਦੀ ਹੈ ਤਾਂ ਇਹਦਾ ਮਤਲਬ ਹੈ ਕਿ ਉਹਨੇ ਆਪਣੇ ਆਪ ਨੂੰ ਵਧਾ-ਚੜ੍ਹਾਂ ਕੇ ਅਨੁਮਾਨਿਆ ਹੈ।

? ਫ਼ਿਲਮੀ ਦੁਨੀਆ ਥੀਏਟਰ ਨਾਲੋਂ ਕਾਫ਼ੀ ਵੱਖਰੀ ਭਾਂਤ ਦੀ ਹੈ। ਤੁਸੀਂ ਵੀ ਇਕ ਫ਼ਿਲਮ 'ਮਨੁ ਜੀਤੇ ਜਗੁ ਜੀਤੁ' ਵਿਚ ਰੋਲ ਕੀਤਾ ਹੈ। ਇਸ ਵਿਚ ਤੁਹਾਨੂੰ ਕਿਸ ਖ਼ਾਸ ਤਰ੍ਹਾਂ ਦਾ ਅਨੁਭਵ ਹੋਵੇਗਾ। ਇਹ ਤੁਹਾਨੂੰ ਕਿਹੋ ਜਿਹਾ ਲੱਗਿਆ ? ਮੇਰਾ ਭਾਵ ਹੈ, ਨਾਟਕ-ਖੇਤਰ ਅਤੇ ਫ਼ਿਲਮ ਤੁਸੀਂ ਕੀ ਫ਼ਰਕ ਮਹਿਸੂਸ ਕੀਤਾ ?

• ਫ਼ਿਲਮ ਵਿਚ ਕੰਮ ਕਰਨਾ ਕਿਸੇ ਵੇਲੇ ਤੁਹਾਨੂੰ ਬੜੀ ਭਾਵੁਕ ਸੰਤੁਸ਼ਟੀ ਦਿੰਦਾ ਹੈ। ਮੇਰਾ 'ਮਨੁ ਜੀਤੇ ਜਗੁ ਜੀਤੁ' ਵਿਚ ਕੰਮ ਕਰਨ ਦਾ ਕਾਰਨ ਅਸਲ ਵਿਚ ਇਹ ਸੀ ਕਿ ਮੇਰਾ ਬਲਰਾਜ ਸਾਹਨੀ ਜੀ ਨਾਲ ਬੜੀ ਲੰਮੀ ਦੋਸਤੀ ਸੀ। ਉਨ੍ਹਾਂ ਦੀ ਬੜੀ ਇੱਛਾ ਸੀ ਕਿ ਕੋਈ ਚੰਗੀ ਪੰਜਾਬੀ ਫ਼ਿਲਮ ਬਣੇ। ਮੈਂ ਵੀ ਚਾਹੁੰਦਾ ਸੀ ਕਿ ਚੰਗੀਆਂ ਪੰਜਾਬੀ ਫ਼ਿਲਮਾਂ ਬਨਣ। ਅਸੀਂ ਇਕ ਇਕੱਠਾ ਪ੍ਰੋਜੈਕਟ ਬਣਾਇਆ ਤੇ ਉਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਬਲਰਾਜ ਸਾਹਨੀ ਨੇ ਮੈਨੂੰ ਕਿਹਾ ਕਿ ਇਹ ਖੇਤਰ ਥੋੜਾ ਜਿਹਾ ਵੱਖਰਾ ਹੈ,ਮੇਰਾ ਇਕ ਦੋਸਤ ਕ੍ਰਿਸ਼ਨ ਸਰਸ਼ਾਰ ਫ਼ਿਲਮ ਬਣਾਉਣ ਲੱਗਿਆ ਹੈ, ਜੇ ਉਹ ਕਹੇ, ਤਾਂ ਤੂੰ ਜ਼ਰੂਰ ਕੰਮ ਕਰ ਲਵੀਂ। ਸੋ ਮੈਂ ਕੀਤਾ। ਮੈਂ ਹਾਲੀ ਉਨ੍ਹਾਂ ਨਾਲ ਇਕਰਾਰ ਹੀ ਕੀਤਾ ਸੀ ਕਿ ਬਲਰਾਜ ਜੀ ਦੀ ਮੌਤ ਹੋ ਗਈ। ਮੈਂ ਇਹ ਕੰਮ ਬਹੁਤੀ ਖ਼ੁਸ਼ੀ ਜਾਂ ਚਾਅ ਨਾਲ ਨਹੀਂ ਸੀ ਕੀਤਾ। ਇਹ ਤਜ਼ਰਬੇ ਵੱਖਰੇ ਨੇ-ਕੰਮ ਥੋੜਾ ਪਰ ਸਮਾਂ ਜ਼ਿਆਦਾ। ਦਸ ਮਿੰਟ ਦੇ ਸ਼ਾਟ ਤੁਹਾਡੀਆਂ ਤਿੰਨ-ਤਿੰਨ ਦਿਹਾੜੀਆਂ ਖ਼ਰਾਬ ਕਰ ਦਿੰਦੇ ਨੇ। ਜਾਂ ਤਾਂ ਬਿਲਕੁਲ ਆਪਦਾ ਖੇਤਰ ਛੱਡ ਕੇ ਉਸ ਖੇਤਰ ਵੱਲ ਜਾਇਆ ਜਾਵੇ। ਪਰ ਜੇ ਤੁਸੀਂ ਕਹੋ ਕਿ ਨਾਟਕਾਂ ਦਾ ਕੰਮ ਵੀ ਨਾਲ ਕਾਨਾ ਹੈ ਤਾਂ ਇਹ ਠੀਕ ਤਜ਼ਰਬਾ ਨਹੀਂ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਮੈਂ ਥੀਏਟਰ ਦੇ ਖੇਤਰ ਵਿਚ ਬੜਾ ਕੰਮ ਕੀਤਾ ਹੈ। ਪਰ ਕਈ ਥਾਵਾਂ ਉਤੇ ਜਦੋਂ ਜ਼ਾਈਦਾ ਹੈ ਤਾਂ ਪ੍ਰਬੰਧਕ ਮੇਰੀ ਜਾਣ-ਪਛਾਣ ਕਰਵਾਉਣ ਵੇਲੇ ਕਹਿੰਦੇ ਨੇ, ਇਨ੍ਹਾਂ

ਨੇ ਫ਼ਿਲਮ ਵਿਚ ਵੀ ਕੰਮ ਕੀਤਾ ਹੈ। ਉਸ ਸਮੇਂ ਮੈਨੂੰ ਇੰਜ ਲਗਦਾ ਹੈ ਕਿ ਇਥੇ ਜਿਹੜਾ ਏਨਾਂ ਕੰਮ ਕੀਤਾ ਹੈ, ਉਹਦੀ ਕੋਈ ਕਦਰ ਨਹੀਂ ; ਜਿਹੜਾ ਫ਼ਿਲਮਾ ਵਿਚ ਮੈਂ ਦਸ ਮਿੰਟ ਦਾ ਰੋਲ ਕੀਤਾ ਹੈ, ਉਹਦੀ ਕਦਰ ਜ਼ਿਆਦਾ ਹੈ।

? ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਵਿਚ ਰੰਗਮੰਚ ਦੇ ਵਿਭਾਗ ਹਨ। ਇਸਤੋਂ ਇਲਾਵਾ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਡਾ. ਸਿਧੂ ਦੀ ਕਾਲਜੀਏਟ ਡਰਾਮਾ ਸੁਸਾਇਟੀ ਅਤੇ ਤੁਹਾਡੀ ਪਲਸ ਮੰਚ ਲਗਾਤਾਰ ਰੰਗਮੰਚ ਨੂੰ ਪੱਕੇ-ਪੈਰੀਂ ਕਰਨ ਦੇ ਯਤਨ ਕਰ ਰਹੀਆਂ ਹਨ। ਜਦੋਂ ਕਿ ਇਹਦੇ ਉਲਟ ਪ੍ਰੇਮੀ ਜਲੰਧਰੀ ਦਾ ਥੀਏਟਰ ਪੰਜਾਬੀ ਵਿਚ ਲੱਚਰ ਕਿਸਮ ਦੇ ਨਾਟਕ ਪੇਸ਼ ਕਰਦਾ ਹੈ। ਇਹੋ ਜਿਹੀ ਹਾਲਤ ਵਿਚ ਪੰਜਾਬੀ ਰੰਗਮੰਚ ਦੇ ਭਵਿੱਖ ਬਾਰੇ ਤੁਹਾਡਾ ਕੀ ਵਿਚਾਰ ਹੈ ?

• ਇਕ ਤਾਂ ਮੈਂ ਇਹ ਕਹਿੰਦਾ ਹਾਂ ਕਿ ਪ੍ਰੇਮੀ ਜਲੰਧਰੀ ਦਾ ਥੀਏਟਰ ਦਿੱਲੀ ਦੇ ਜੰਗਲ-ਜੀਵਨ ਦੀ ਹੋਂਦ ਹੈ। ਉਸ ਵਿਚ ਉਸਨੂੰ ਕੁਝ ਅਜਿਹੇ ਮਿਲ ਜਾਂਦੇ ਰਹੇ ਜਿਹੜੇ ਆਪਣੀ ਕਾਮਰੁਚੀ ਲਈ ਦੁਅਰਥੇ ਵਾਰਤਾਲਾਪ ਨਾਲ ਹੱਸਣਾ ਚਾਹੁੰਦੇ ਨੇ, ਉਥੇ ਉਹ ਨਾਟਕ ਚਲਦੇ ਰਹੇ। ਤੇ ਪੰਜਾਬ ਦੇ ਜਨ-ਸਾਧਾਰਨ ਥੀਏਟਰ ਉਤੇ ਕੋਈ ਅਸਰ ਨਹੀਂ। ਕਿਉਂਕਿ ਉਹ ਥੀਏਟਰ ਆਪਣੇ ਸਿਖਰ ਉਤੇ ਪਹੁੰਚ ਕੇ ਹੁਣ ਥੱਲੇ ਡਿੱਗ ਪਿਆ ਹੈ। ਜਦੋਂ ਉਹ ਸਿਖਰ ਉੱਤੇ ਸੀ, ਤਾਂ ਵੀ ਜਨ-ਸਾਧਾਰਨ ਉੱਤੇ ਕੋਈ ਅਸਰ ਨਹੀਂ ਪਾ ਸਕਿਆ। ਮੈਂ ਇਹਦੇ ਵਿਚ ਇਕ ਮਿਸਾਲ ਦੇਵਾਂ। ਜਲੰਧਰੀ ਵਾਲੇ ਜਦੋਂ ਲੁਧਿਆਣੇ ਰਟੋਰੀ ਕਲੱਬ ਦੇ ਸੱਦੇ 'ਤੇ ਆਏ ਤਾਂ ਉਨ੍ਹਾਂ ਨੂੰ ਡਰਾਮਾ ਵਿਚਕਾਰ ਬੰਦ ਕਰਨਾ ਪਿਆ। ਮੇਰਾ ਖਿਆਲ ਹੈ ਉਹ 'ਬੁੱਢੀ ਘੋੜੀ ਲਾਲ ਲਗਾਮ' ਨਾਟਕ ਸੀ। ਅੱਧ ਵਿਚ ਜਾ ਕੇ ਔਰਤਾਂ ਉੱਠ ਖਲੋਤੀਆਂ। ਪ੍ਰਬੰਧਕਾਂ ਨੇ ਆਖਿਆ ਕਿ ਤੁਸੀਂ ਜਿਹੜਾ ਖਰਚਾ ਲੈਣਾ ਹੈ ਲੈ ਲਵੋ ਪਰ ਨਾਟਕ ਬੰਦ ਕਰ ਦਿਓ। ਉਹ ਕਹਿੰਦੇ ਨੇ, ਇਹ ਖਾਸ ਕਿਸਮ ਦੇ ਲੋਕਾਂ ਵਾਸਤੇ ਹੈ। ਅੱਗੇ ਗੱਲ ਆਉਂਦੀ ਏ ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗਾਂ ਬਾਰੇ। ਉਹ ਅੱਛਾ ਕੰਮ ਕਰ ਰਹੇ ਨੇ। ਇਹ ਜਿਹੜੇ ਲੋਕਾਂ ਨੂੰ ਨਾਟਕੀ ਸਿਖਲਾਈ ਦੇ ਰਹੇ ਨੇ, ਉਹਨਾਂ ਵਾਸਤੇ ਸ਼ੌਕ ਪੈਦਾ ਕਰ ਰਹੇ ਨੇ, ਆਉਣ ਵਾਲੇ ਸਮੇਂ ਵਿਚ ਇਹਨਾਂ ਦਾ ਬੜਾ ਰੋਲ ਹੋਵੇਗਾ। ਬਾਕੀ ਨਾਟਕ ਦੇ ਭਵਿੱਖ ਬਾਰੇ ਤਾਂ ਸਮਾਂ ਹੀ ਦੱਸੇਗਾ। ਇਹ ਸਮਾਜਿਕ ਪ੍ਰਬੰਧ ਜਾਂ ਸਰਕਾਰਾਂ ਉੱਤੇ ਵੀ ਬੜਾ ਨਿਰਭਰ ਕਰਦਾ ਹੈ। ਇਕ ਮਿਸਾਲ ਦੇਵਾਂ ਕਿ ਪੰਜਾਬ ਸਰਕਾਰ ਵੱਲੋਂ ਇਕ ਡਰਾਮਾ ਟਰੁਪ ਕਾਇਮ ਕੀਤਾ ਗਿਆ। ਉਦੋਂ ਹਕੂਮਤ ਕਾਂਗਰਸ ਵਾਲਿਆਂ ਦੀ ਸੀ। ਉਦੋਂ ਡਾਇਰੈਕਟਰ ਸੀ ਪਬਲਿਕ ਰਿਲੇਸ਼ਨਜ਼ ਦੀ, ਮੈਨੂੰ ਉਹਦਾ ਨਾਂ ਭੁੱਲ ਗਿਆ। ਹਾਂ, ਰਵਨੀਤ ਕੌਰ। ਉਹਨੇ ਸਾਰੇ 'ਗਰੁੱਪ ਨੂੰ ਉਤਸ਼ਾਹ ਦਿੱਤਾ ਉਨ੍ਹਾਂ ਨੇ ਅੱਛਾ ਕੰਮ ਕੀਤਾ। ਪਰ ਜਦੋਂ ਅਕਾਲੀ ਪਾਰਟੀ ਦੀ ਹਕੂਮਤ ਆਈ ਅਤੇ ਸ. ਅਤਮਾ ਸਿੰਘ ਪਬਲਿਕ ਰਿਲੇਸ਼ਨਜ਼ ਦੇ ਵਜ਼ੀਰ ਬਣੇ ਤਾਂ ਉਨ੍ਹਾਂ ਨੂੰ ਡਰਾਮੇ-ਡਰੂਮੇ ਦਾ ਕੰਮ ਐਵੇਂ ਫਾਲਤੂ ਲਗਦਾ ਸੀ। ਦੂਜਾ ਉਹ ਬੜਾ ਸਿੱਖੀ ਦੇ ਪ੍ਰਚਾਰ ਵਿਚ ਯਕੀਨ ਰੱਖਦੇ

ਸਨ। ਤੇ ਇਹ ਜਿਹੜਾ ਸਾਰਾ ਮਹਿਕਮਾ ਸੀ, ਇਹ ਤਾਂ ਹੈ ਹੀ ਉਸ ਕਿਸਮ ਦੇ ਲੋਕਾਂ ਦਾ ਸੀ। ਉਨ੍ਹਾਂ ਬਾਰੇ ਬੁਹ ਅਕਸਰ ਕਹਿੰਦੇ ਸਨ ਕਿ ਇਹ ਸਾਰੇ ਪਤਿਤ ਸਿੱਖ ਇਕੱਠੇ ਹੋ ਗਏ ਹਨ। ਉਨ੍ਹਾਂ ਨੇ ਪਹਿਲੀ ਆਪਣੀ ਕੁਹਾੜੀ ਇਸ ਗਰੁੱਪ ਉਤੇ ਹੀ ਚਲਾਈ। ਨਤੀਜੇ ਦੇ ਤੌਰ 'ਤੇ ਇਹ ਜਿਹੜਾ ਚੰਗਾ ਕੰਮ ਸ਼ੁਰੂ ਹੋਇਆ ਸੀ, ਉਹ ਠੱਪ ਹੋ ਗਿਆ। ਅਸੀਂ ਹੁਣ ਇਹ ਕੋਸ਼ਿਸ਼ ਕਰ ਰਹੇ ਹਾਂ ਕਿ ਪਹਿਲਾ ਪੜਾਅ ਤਾਂ ਲੰਘ ਗਿਆ, ਹੁਣ ਅਸੀਂ ਆਪਣਾ ਸਾਰਾ ਗਰੁੱਪ ਪੰਜਾਬ ਲੋਕ ਸਭਿਆਚਾਰ ਮੰਚ ਦੀ ਜਥੇਬੰਦੀ ਹੇਠ ਇਕੱਠਾ ਕੀਤਾ ਹੈ। ਸਾਡਾ ਹੁਣ ਨਿਸ਼ਾਨਾ ਹੈ ਕਿ ਜਿਹੜੀ ਵੀ ਥਾਂ ਮਿਲੇ, ਉਥੇ ਨਾਟਕ ਕਰਨਾ ਹੈ। ਹੁਣ ਵੀ ਅਸੀਂ ਬਹੁਤ ਸਾਰੇ ਪਿੰਡਾਂ ਵਿਚ ਨੌਜਵਾਨਾਂ ਨੂੰ ਉਤਸ਼ਾਹ ਦੇ ਰਹੇ ਹਾਂ ਕਿ ਉਹ ਚੰਗੇ ਚੰਗੇ ਥੜ੍ਹੇ ਬਣਾਉਣ। ਹੁਣ ਪਿੰਡਾਂ ਵਿਚ ਚੰਗੇ ਥੀਏਟਰ ਬਣ ਰਹੇ ਨੇ। ਤੁਸੀਂ ਪੜ੍ਹਿਆ ਹੋਣਾ ਹੈ, ਨਾਰੇਗਵਾਲ ਦੇ ਲੋਕਾਂ ਨੇ ਇਕ ਫਾਲਤੂ ਛੱਪੜ ਨੂੰ ਭਰ ਕੇ ਬੜਾ ਵਧੀਆ ਥੀਏਟਰ ਬਣਾਇਆ ਹੈ। ਇਸੇ ਤਰ੍ਹਾਂ ਡਾ. ਹਰਚਰਨ ਸਿੰਘ ਹੁਰਾਂ ਦੀ ਪ੍ਰਧਾਨਗੀ ਹੇਠ ਸੰਗੀਤ ਨਾਟਕ ਅਕੈਡਮੀ ਹੈ। ਉਨ੍ਹਾਂ ਨੇ ਵੀ ਕੁਝ ਚੋਣਵੇਂ ਪਿੰਡਾਂ ਨੂੰ ਚੁਣਿਆ ਹੈ ਅਤੇ ਕੁਝ ਫੰਡ ਵਗੈਰਾ ਬਾਹਰਲੇ ਦੇਸ਼ਾਂ ਤੋਂ ਵੀ ਲਿਆਏ ਹਨ। ਪਿੰਡਾਂ ਵਿਚ ਮੰਚ ਸਿਰਜੇ ਜਾਣ ਲੱਗੇ ਹਨ। ਸੋ ਅੱਗੇ-ਅੱਗੇ ਜਿਧਰ-ਜਿਧਰ ਵੀ ਤੁਰਾਂਗੇ, ਬੜੇ ਵਧੀਆ ਨਾਟਕ ਮੇਲੇ ਅਤੇ ਹੋਰ ਅਜਿਹਾ ਕੁਝ ਹੋਵੇਗਾ। ਪਿੰਡਾਂ ਵਿਚ ਅਸੀਂ ਟਿਕਟ ਨਹੀਂ ਲਾਉਂਦੇ, ਪਰ ਖਰਚਾ ਲੋਕ ਦੇ ਦਿੰਦੇ ਨੇ। ਮੈਂ ਹੁਣ ਜਦੋਂ ਪੰਜਾਬ ਲੋਕ ਸਭਿਆਚਾਰ ਮੰਚ ਦਾ ਕੋਈ ਪ੍ਰੋਗਰਾਮ ਕਰਾਂ, ਮੈਂ ਖਰਚਾ ਪਹਿਲਾਂ ਹੀ ਇਕੱਠਾ ਨਹੀਂ ਕਰਦਾ। ਜਿਥੇ ਮੇਲਾ ਕਰਨਾ ਹੋਵੇ, ਉਨ੍ਹਾਂ ਲਈ ਸ਼ਰਤ ਇਹ ਹੁੰਦੀ ਹੈ ਕਿ ਆਏ ਮਹਿਮਾਨਾਂ ਦੀ ਰੋਟੀ-ਪਾਣੀ ਦਾ ਪ੍ਰਬੰਧ ਤੁਸੀਂ ਕਰਨਾ, ਖਰਚ ਅਸੀਂ ਆਪਣੇ ਸੈਂਟਰਲ ਗਰੁੱਪ ਵਿਚੋਂ ਕਰਾਂਗੇ। ਤੇ ਅਸੀਂ ਆਪਣੇ ਹੀ ਲੋਕਾਂ ਅੱਗੇ ਝੋਲੀ ਫੈਲਾ ਕੇ ਦਰਸ਼ਕਾਂ ਵਿਚੋਂ ਖਰਚ ਪੂਰਾ ਕਰ ਲੈਂਦੇ ਹਾਂ। ਪੰਜਾਬ ਵਿਚ ਮੈਂ ਸਮਝਦਾ ਹਾਂ, ਜਿਵੇਂ ਜਿਵੇਂ ਅੱਗੇ ਤੁਰਨਾ ਹੈ, ਨਾਟਕ ਦੀਆਂ ਬੜੀਆਂ ਸੰਭਾਵਨਾਵਾਂ ਨੇ। ਸਾਨੂੰ ਵਿਸ਼ਵਾਸ ਨਾਲ ਕਹਿਣਾ ਚਾਹੀਦਾ ਹੈ ਕਿ ਨਾਟਕ ਪੰਜਾਬ ਦੇ ਸਭਿਆਚਾਰ ਵਿਚ ਆਪਣਾ ਹਿੱਸਾ ਪਾਵੇਗਾ, ਕਿਉਂਕਿ ਇਹ ਇਕ ਬੜਾ ਅਸਰਦਾਇਕ ਮਾਧਿਅਮ ਹੈ।

? ਕੀ ਪੰਜਾਬ ਦੀਆਂ ਹੋਰ ਨਾਟ-ਮੰਡਲੀਆਂ ਵੀ ਥੀਏਟਰ ਦੇ ਵਿਕਾਸ ਵਿਚ ਕੁਝ ਹਿੱਸਾ ਪਾ ਰਹੀਆਂ ਹਨ ? ਕੀ ਉਹ ਵੀ ਤੁਹਾਡੇ ਵਾਂਗ ਇਨਕਲਾਬੀ ਚੇਤਨਾ ਦਾ ਉਦੇਸ਼ ਲੈ ਕੇ ਤੁਰੀਆਂ ਹਨ ਜਾਂ ਕੋਈ ਹੋਰ ਉਦੇਸ਼ ?

• ਕਮਿਟਮੈਂਟ ਬੜੀ ਰੈਲੇਟਿਵ ਫਾਰਮ ਹੈ। ਇਹਦੇ ਕਈ ਪੜਾਅ ਹੁੰਦੇ ਨੇ। ਪਹਿਲਾਂ ਪੜਾਅ ਜਿਹੜਾ ਮੈਂ ਵੀ ਲੰਘਿਆ ਹੋਇਆ ਹਾਂ, ਨੌਜਵਾਨਾਂ ਵਾਲਾ ਹੁੰਦਾ ਹੈ ਕਿ ਇਸ ਸਮਾਜ ਵਿਚ ਜੋ ਕੁਝ ਵੀ ਹੈ, ਉਹ ਗ਼ਲਤ ਹੈ। ਇਹ ਪਹਿਲਾਂ ਪੜਾਅ ਹੁੰਦਾ ਹੈ ਚੇਤਨਾ ਦਾ। ਇਹ ਜਾਣ ਲੈਣਾ ਕਿ ਗ਼ਲਤ ਕਿਉਂ ਹੈ, ਦੂਜਾ ਪੜਾਅ ਹੁੰਦਾ

ਹੈ ਚੇਤਨਾ ਦਾ। ਤੀਜਾ ਪੜਾਅ ਹੁੰਦਾ ਹੈ ਕਿ ਇਹਨੂੰ ਜਾਣ ਕੇ ਇਹਨੂੰ ਬਦਲਣ ਵਾਸਤੇ ਅੱਗੇ ਆਉਣਾ ਤੇ ਚੌਥਾ ਪੜਾਅ ਹੁੰਦਾ ਹੈ ਚੇਤਨਾ ਦਾ ਕਿ ਜੇ ਬਦਲਣ ਵਾਸਤੇ ਅੱਗੇ ਆਉਣਾ ਹੈ ਤਾਂ ਕੁਰਬਾਨੀ ਵੀ ਦੇਣੀ ਪੈਣੀ ਹੈ। ਇਹ ਜਿਹੜੇ ਚੇਤਨਾਂ ਦੇ ਵੱਖਰੇ ਪੜਾਅ ਨੇ, ਇਹ ਚੇਤਨਾ ਦੀਆਂ ਵੱਖਰੀਆਂ-ਵੱਖਰੀਆਂ ਕਮਿਟਮੈਂਟਸ ਨੇ। ਸਾਡੇ ਪੰਜਾਬ ਲੋਕ ਸਭਿਆਚਾਰਕ ਮੰਚ ਨੇ ਚੌਥੇ ਪੜਾਅ ਦੀ ਚੇਤਨਾ ਦਾ ਇਨਕਲਾਬੀ ਰੋਲ ਆਪਣੇ ਉਤੇ ਲਿਆ ਹੈ ਕਿ ਅਸੀਂ ਆਪਣਾ ਸਾਰਾ ਸਮਾਂ ਸਾਰੀ ਤਾਕਤ ਇਸ ਸਮਾਜ ਨੂੰ ਬਦਲਣ ਵਾਸਤੇ ਲਾਉਣੀ ਹੈ, ਇਹਦੇ ਵਾਸਤੇ ਸਾਨੂੰ ਜਿਹੜੀ ਵੀ ਕੁਰਬਾਨੀ ਕਰਨੀ ਪਵੇ, ਉਹ ਅਸੀਂ ਕਰਾਂਗੇ। ਪਰ ਮੈਂ ਇਹ ਕਹਿੰਦਾ ਹਾਂ ਕਿ ਜਿਹੜੇ ਦੂਜੇ ਇਸ ਕਮਿਟਮੈਂਟ ਨੂੰ ਨਹੀਂ ਮੰਨਦੇ ਪਏ ਜਾਂ ਇਥੋਂ ਤਕ ਨਹੀਂ ਪਹੁੰਚੇ ਜਾਂ ਨਹੀਂ ਪਹੁੰਚਣਾ ਚਾਹੁੰਦੇ, ਉਨ੍ਹਾਂ ਦੇ ਆਪਣੇ ਰੋਲ ਨੇ। ਪੰਜਾਬੀ ਸਾਹਿਤ ਜਾਂ ਪੰਜਾਬੀ ਸਭਿਆਚਾਰ ਜਾਂ ਨਾਟਕ ਨੂੰ ਉਚੇਰਾ ਕਰਨ ਦੀ ਕਮਿਟਮੈਂਟ ਵਿਚ ਆਤਮਜੀਤ ਤੇ ਅਜਮੇਰ ਔਲਖ ਵੀ ਵਰਣਨਯੋਗ ਰੋਲ ਅਦਾ ਕਰ ਰਹੇ ਨੇ। ਅਸੀਂ ਬਹੁਤ ਸਾਰੇ ਡਰਾਮੇ ਉਨ੍ਹਾਂ ਨਾਲ ਕੀਤੇ ਨੇ। ਇਨ੍ਹਾਂ ਉਤੇ ਮੈਨੂੰ ਮਾਣ ਹੈ।

? ਧਾਰਮਿਕਤਾ ਸਾਡੇ ਮੂਲ ਵਿਚ ਸਮਾਈ ਪ੍ਰਵਿਰਤੀ ਹੈ। ਇਸ ਲਈ ਧਾਰਮਿਕ ਨਾਟਕਾਂ ਦੀ ਪੇਸ਼ਕਾਰੀ ਵਿਚ ਤੁਸੀਂ ਕਾਫ਼ੀ ਦਿਲਚਸਪੀ ਵਿਖਾਈ ਹੈ।ਲੋਕਾਂ ਵਲੋਂ ਵੀ ਤੁਹਾਨੂੰ ਕਾਫ਼ੀ ਪ੍ਰਸੰਸਾ ਮਿਲੀ ਹੈ। ਕੀ ਇਸ ਪ੍ਰਸੰਸਾ ਦੇ ਨਾਲ-ਨਾਲ ਤੁਹਾਨੂੰ ਕੋਈ ਆਰਥਿਕ ਲਾਭ ਵੀ ਪ੍ਰਾਪਤ ਹੋਇਆ ਹੈ ?

• ਆਰਥਿਕ ਲਾਭ ਇਹ ਹੋਇਆ ਕਿ ਜਦੋਂ 1969-70 ਵਿਚ ਸਾਡੇ ਗਰੁੱਪ ਉਤੇ ਮਾਲੀ ਸੰਕਟ ਆਇਆ, ਉਹ 'ਜਿਨ ਸਚਿ ਪਲੈ ਹੋਇ' ਨਾਟਕ ਨੇ ਪੂਰਾ ਕੀਤਾ। ਇਹਦੇ ਵਿਚ 1964 ਤੋਂ ਲੈ ਕੇ 1969 ਤਕ ਜੋ ਕੁਝ ਖਰਚ ਹੋਇਆ ਸੀ ਜਾਂ ਜੋ ਕਰਜ਼ੇ ਲਏ ਹੋਏ ਸਨ, ਸ਼ਾਮਲ ਸਨ। ਜਦੋਂ ਅਸੀਂ ਪੰਜਾਬ ਤੋਂ ਬਾਹਰ ਜਾਂਦੇ ਸੀ, ਉਥੋਂ ਦੇ ਪੰਜਾਬੀ, ਖਾਸ ਕਰਕੇ ਸਿੱਖ ਲੱਚਰ ਕਿਸਮ ਦੇ ਨਾਟਕ ਵੇਖਦੇ ਹੁੰਦੇ ਸਨ, ਜਿਵੇਂ ਵੈਸਾਖੀ ਦੇ ਮੇਲੇ ਵਗੈਰਾ ਹੁੰਦੇ ਨੇ, ਜਾਂ ਉਹ ਮੰਗ ਕਰਦੇ ਸਨ ਕਿ ਸਾਡੇ ਜਿਹੜੇ ਧਾਰਮਿਕ ਨਾਟਕਾਂ ਦੀ ਮਸ਼ਹੂਰੀ ਹੋ ਚੁੱਕੀ ਸੀ, ਉਹੋ ਕਰੀਏ। ਮੈਂ ਧਾਰਮਿਕ ਨਾਟਕ 1980-81 ਤਕ ਇਹ ਕਮਿਟਮੈਂਟ ਨਾਲ ਕਰਦਾ ਰਿਹਾ ਕਿ ਆਪਣੇ ਗੁਰੂਆਂ ਦੇ ਅੱਗੇਵਧੂ ਮਿਸ਼ਨ ਨੂੰ ਅੱਗੇ ਤੋਰਾਂ। ਪਰ 1980-81 ਤੋਂ ਬਾਅਦ ਜਦੋਂ ਦੀ ਇਹ ਲਹਿਰ (ਪੰਜਾਬ ਲਹਿਰ) ਸ਼ੁਰੂ ਹੋਈ, ਮੂਲਵਾਦੀ ਲਹਿਰ ਜਾਂ ਸੁਰਜੀਤਵਾਦੀ ਲਹਿਰ, ਮੈਂ ਇਹ ਮਹਿਸੂਸ ਕੀਤਾ ਹੈ ਕਿ ਇਹ ਜਿਹੜੇ ਡਰਾਮੇ ਨੇ, ਇਹ ਕੋਈ ਮਨਫ਼ੀ ਰੋਲ ਨਾ ਨਿਭਾਉਣ ; ਕਿਉਂਕਿ ਮੈਂ ਇਹ ਨਹੀਂ ਚਾਹੁੰਦਾ ਕਿ ਮੇਰੇ ਡਰਾਮੇ ਧਾਰਮਿਕ ਉਦੇਸ਼ ਪੂਰੇ ਕਰਨ। ਮੈਂ ਤਾਂ ਚਾਹੁੰਦਾ ਹਾਂ ਕਿ ਗੁਰੂ ਸਾਹਿਬਾਨ ਦਾ ਜਿਹੜਾ ਵਿਰਸਾ ਏ, ਇਹਨੂੰ ਅੱਗੇ ਤਕ ਲੈ ਜਾਵਾਂ। ਸੋ ਹੁਣ ਮੈਂ ਸੰਕੋਚ ਕੀਤਾ ਹੈ ਇਹਨਾਂ ਨਾਟਕਾਂ ਨੂੰ ਕਰਨ ਤੋਂ। ਇਸ ਤਰ੍ਹਾਂ ਦੀ ਹਾਲਤ ਵਿਚ ਮੈਂ ਥੋੜ੍ਹੇ ਕੀਤੇ ਧਾਰਮਿਕ ਨਾਟਕ ਨਹੀਂ

ਕੀਤਾ।

? ਬਹੁਤ ਵੱਡੀ ਗਿਣਤੀ ਵਿਚ ਨਾਟਕ ਦੇ ਮੰਚਣ ਦੌਰਾਨ ਤੁਸੀਂ ਕੁਝ ਯਾਦਗਾਰੀ ਪੇਸ਼ਕਾਰੀਆਂ ਕੀਤੀਆਂ ਹੋਣਗੀਆਂ ਅਤੇ ਕੁਝ ਕਲਾਕਾਰ ਪੈਦਾ ਕੀਤੇ ਹੋਣਗੇ। ਉਨ੍ਹਾਂ ਬਾਰੇ ਕੁਝ ਦੱਸੋਗੇ ?

• ਆਪਣਾ ਨਾਟਕੀ ਇਤਿਹਾਸ ਜੇ 1957 ਤੋਂ ਸ਼ੁਰੂ ਕਰਾਂ ਤਾਂ ਅੱਜ ਮੈਂ 27-28 ਸਾਲ ਹੋ ਗਏ ਨੇ। ਮੇਰਾ ਪਹਿਲਾਂ ਨਾਟਕ ਜੀਹਨੇ ਮੈਨੂੰ ਬੜੀ ਪ੍ਰਸਿੱਧੀ ਦਿੱਤੀ, ਕਰਤਾਰ ਸਿੰਘ ਦੁੱਗਲ ਦਾ ਨਾਟਕ 'ਦੀਯਾ ਬੁਝ ਗਯਾ' ਸੀ। ਇਹਨੂੰ ਹਿੰਦੀ ਤੋਂ ਪੰਜਾਬੀ ਵਿਚ 'ਦੀਵਾ ਬੁੱਝ ਗਿਆ' ਕੀਤਾ। ਤੇ ਇਹ ਮੇਰਾ ਆਪਣਾ ਨਾਟਕ ਸੀ 'ਘੁੰਮਣ-ਘੇਰੀ'। 1959-60 ਵਿਚ ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਨਾਟਕ ਮੁਕਾਬਲੇ ਵਿਚ ਇਹ ਪੰਜਾਬੀ ਵਿਚ ਪ੍ਰਥਮ ਰਿਹਾ। ਫਿਰ ਜਦੋਂ ਇਥੇ ਆ ਕੇ 1964 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਬਣਾਇਆ ਤਾਂ ਮੈਨੂੰ ਇਕ ਸਟੇਜ ਮਿਲ ਗਈ, ਥਾਂ ਮਿਲ ਗਈ। ਬਕਾਇਦਾ ਇਕ ਟੀਮ ਬਣ ਗਈ ਇਹਦੇ ਵਿਚ ਅਸੀਂ 1969-70 ਤਕ ੜੇ ਮਸ਼ਹੂਰ ਡਰਾਮੇ ਕੀਤੇ। ਗੋਰਕੀ ਦਾ ਡਰਾਮਾ ਕੀਤੇ। ਪੰਜਾਬੀ ਦੇ ਵਧੀਆਂ ਨਾਟਕ ਕੀਤੇ, ਖਾਸ ਕਰਕੇ ਹਰਭਰਨ ਸਿੰਘ ਦਾ 'ਉਦਾਸ ਲੋਕ' ਕੀਤਾ, ਜੋ ਪੰਜਾਬੀ ਦੇ ਸਾਰੇ ਨਾਟਕਾਂ ਵਿਚੋਂ ਵਧੀਆ ਨਾਟਕ ਹੈ। ਗੋਰਕੀ ਦਾ 'ਆਲ੍ਹਣਾ ਤੀਲੋ ਤੀਲ' ਬੜੀ ਵਧੀਆ ਪੇਸ਼ਕਾਰੀ ਰਹੀ ਹੈ। ਇਹ ਬੁੱਧ ਸਿੰਘ ਨੇ, ਜਿਹੜਾ ਫ਼ਿਲਮ ਲਾਈਨ ਵਿਚ ਅੰਮ੍ਰਿਤਪਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਬੜੀ ਮਿਹਨਤ ਨਾਲ ਤਿਆਰ ਕੀਤਾ ਸੀ। ਇਕ ਹੋਰ ਨਾਟਕ ਕੀਤਾ 'ਲੂਣਾ' ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਤੇ ਅਧਾਰਤ। ਉਹਦੇ ਵਿਚ ਦਲਜੀਤ ਨੇ, ਜੋ ਹੁਣ ਪੇਸ਼ਾਵਰ ਮੰਚ ਉਤੇ ਕੰਮ ਕਰਦੀ ਹੈ, ਮੇਰੇ ਗਰੁੱਪ ਨਾਲ ਕੰਮ ਕੀਤਾ ਸੀ। 'ਲੂਣਾ ਉਸਦੀ ਇਕ ਯਾਦਗਾਰੀ ਪੇਸ਼ਕਾਰੀ ਸੀ। ਉਹਦੇ ਵਾਸਤੇ ਸਾਡੇ ਸਾਰਿਆਂ ਦੇ ਦਿਲ ਵਿਚ ਸਤਿਕਾਰ ਹੈ। ਹੋਇਆ ਇਸ ਤਰ੍ਹਾਂ ਕਿ 'ਲੂਣਾ' ਨਾਟਕ ਜਿਸ ਰਾਤ ਕਰਨਾ ਸੀ, ਉਸੇ ਦਿਨ ਉਹਦੀ ਮਾਂ ਨੂੰ ਅਧਰੰਗ ਹੋ ਗਿਆ ਅਤੇ ਉਹਨੂੰ ਸਾਂਭਣ ਵਾਲੀ ਉਹ ਇਕੱਲੀ ਸੀ। ਮੈਂ ਉਹਨੂੰ ਹਸਪਤਾਲ ਤੋਂ ਲਿਆਇਆ ਸੀ, ਦੋ ਘੰਟੇ ਵਾਸਤੇ, ਨਾਟਕ ਕਰਨ ਲਈ। ਪਰ ਉਹ ਜਿਸ ਮਾਨਸਿਕ ਹਾਲਤ ਵਿਚ ਸੀ, ਉਹਦੇ ਨਾਲ ਹੀ ਉਹਨੇ ਲੂਣਾ ਦਾ ਦਰਦ ਸਟੇਜ ਉਤੇ ਪੇਸ਼ ਕੀਤਾ। ਕਿਹਾ ਜਾਂਦਾ ਹੈ ਕਿ ਪੰਜਾਬ ਦੀ ਸਟੇਜ ਉਤੇ ਉਹੋ ਜਿਹੀ ਯਾਦਗਾਰੀ ਐਕਟਿੰਗ ਕਿਸੇ ਨੇ ਵੀ ਅਜੇ ਤਕ ਨਹੀਂ ਕੀਤੀ। ਇਹਦੇ ਨਾਲ ਹੀ ਸਾਡੀ ਜਤਿੰਦਰ ਹੈ ਟੀ. ਵੀ. ਵਾਲੀ। ਇਹਨੇ ਵੀ ਬੜੇ ਚੰਗੇ ਚੰਗੇ ਰੋਲ, ਖਾਸ ਕਰਕੇ ਬੰਗਾਲ ਦੇ ਕਾਲ ਵਾਲੇ ਨਾਟਕ 'ਮੁੱਠੀ ਭਰ ਚੌਲ' ਵਿਚ ਅਤੇ ਗਾਰਗੀ ਦੇ ਨਾਟਕ 'ਕਣਕ ਦੀ ਬੱਲੀ' ਵਿਚ ਯਾਦਗਾਰੀ ਰੋਲ ਅਦਾ ਕੀਤੇ ਹਨ। ਹੋਰ ਅੱਗੇ ਜਾਈਏ ਤਾਂ ਸੁਰੇਸ਼ ਪੰਡਿਤ ਨੇ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦਾ ਨਾਟਕੀ ਰੂਪ ਬੜੀ ਮਿਹਨਤ ਨਾਲ ਤਿਆਰ ਕੀਤਾ ਸੀ। ਉਹਤੋਂ

ਬਾਅਦ ਮੈਂ ਨਾਨਕ ਸਿੰਘ ਦੇ ਨਾਵਲ 'ਕੋਈ ਹਰਿਆ ਬੂਟ ਰਹਿਓ ਰੀ' ਦਾ ਨਾਟਕੀ ਰੂਪ ਪੇਸ਼ ਕੀਤਾ। ਮੇਰਾ ਆਪਣਾ ਅਤੇ ਹਰਭਜਨ ਜੱਬਲ ਦਾ ਬੜੇ ਨਿੱਖਰਵੇਂ ਰੋਲ ਸਨ। ਉਹਤੋਂ ਬਾਅਦ ਅਸੀਂ ਇਕ ਹੋਰ ਨਾਟਕ ਕੀਤਾ, 'ਤੂਤਾਂ ਵਾਲਾ ਖੂਹ'। ਉਹਦੇ ਵਿਚ ਬਲਵਿੰਦਰ ਭਾਰਤੀ ਅਤੇ ਕ੍ਰਿਸ਼ਨ ਦੇਵ ਦਾ ਕੰਮ ਬੜਾ ਵਧੀਆ ਸੀ। 1975 ਤੋਂ ਬਾਅਦ ਵਧੀਆ-ਵਧੀਆ ਗਲੀਆ ਦੇ ਨਾਟਕ ਵੀ ਕੀਤੇ ਗਏ। ਹੁਣ ਵੀ ਟੀਮ ਵਿਚ ਮੇਰੇ ਕੋਲ ਧਾਲੀਵਾਲ ਅਤੇ ਸਤਵਿੰਦਰ ਬਹੁਤ ਵਧੀਆਂ ਐਕਟਰ ਹਨ। ਸੁਖਦੇਵ ਵੀ ਵਧੀਆ ਕਲਾਕਾਰ ਹੈ। ਇਥੇ ਮੇਰੇ ਸੈਂਟਰ ਵਿਚ ਲੋਕ ਆਉਂਦੇ ਨੇ, ਆਪਣਾ ਕੰਮ ਕਰਦੇ ਨੇ, ਮੇਰੇ ਨਾਲ ਤੁਰਦੇ ਨੇ। ਉਹ ਆਪਣਾ ਕੰਮ ਵੀ ਕਰਨਾ ਸ਼ੁਰੂ ਕਰ ਦਿੰਦੇ ਹਨ, ਜਿਸ ਤਰ੍ਹਾਂ ਸਰਦਾਰਜੀਤ ਬਾਵਾ। ਉਹ 1970-71 ਵਿਚ ਸਾਡੇ ਵਿਚ ਆਇਆ ਸੀ। ਬੜਾ ਮਿਹਨਤੀ ਐਕਟਰ ਹੈ। ਉਹ ਟੀ. ਵੀ. ਵਿਚ ਗਿਆ ਹੈ। ਉਹਦਾ ਆਪਣਾ ਵੀ ਗਰੁੱਪ ਹੈ। ਮੈਂ ਪੁਰਾਣਾ ਇਤਿਹਾਸ ਦੇਖਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਬਹੁਤ ਚੰਗੇ ਕੰਮ ਕੀਤੇ ਨੇ। ਇਕ ਸਮਾਂ ਅਜਿਹਾ ਸੀ, ਸਿਰਫ਼ ਅਸੀਂ ਹੀ ਕੰਮ ਪਏ ਕਰਦੇ ਸੀ। ਪਰ ਹੁਣ ਤਾਂ ਹੋਰ ਵੀ ਬਹੁਤ ਹੋ ਗਏ ਹਨ।

? ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀਆਂ ਸ਼ਹਿਰ ਦੀਆਂ ਸਰਗਰਮੀਆਂ ਲਗਭਗ ਖਤਮ ਹੋ ਚੁੱਕੀਆਂ ਹਨ। ਇਹਦਾ ਕੀ ਕਾਰਨ ਹੈ-ਆਰਥਿਕ ਸਮਸਿਆਵਾਂ ਜਾਂ ਦਰਸ਼ਕਾਂ ਦੀ ਘਾਟ ਜਾਂ ਫਿਰ ਕਲਾਕਾਰਾਂ ਦਾ ਘਾਟ ਜਾਂ ਕੋਈ ਹੋਰ ?

• ਪਹਿਲੀ ਵਜ੍ਹਾ ਤਾਂ ਇਹੀ ਸੀ 1964 ਤੋਂ 1970 ਤਕ ਬੜੀ ਤੇਜ਼ੀ ਨਾਲ ਕੰਮ ਕਰਨ ਤੋਂ ਬਾਅਦ ਇਕ ਤਾਂ ਮੇਰੀ ਆਪਣੀ ਕੁਮਿਟਮੈਂਟ ਬਦਲ ਗਈ। ਮੈਂ ਪਿੰਡਾਂ ਵੱਲ ਗਿਆ ਅਤੇ ਮੈਨੂੰ ਲੱਗਿਆ ਕਿ ਏਧਰ ਮੈਂ ਐਵੇਂ ਫਾਲਤੂ ਜ਼ੋਰ ਦੇ ਰਿਹਾ ਹਾਂ। ਸ਼ਹਿਰ ਦੇ ਲੋਕਾਂ ਨੂੰ ਜਾਗਰੂਕ ਕਰਨ ਦਾ ਮੇਰਾ ਸਮਾਜਿਕ ਨਿਸ਼ਾਨਾ ਬਿਲਕੁਲ ਪੂਰਾ ਨਹੀਂ ਹੁੰਦਾ। ਦੂਜੀ ਗੱਲ ਟੀ. ਵੀ. ਦਾ ਪ੍ਰਭਾਵ, ਜਿਸ ਕਰਕੇ ਲੋਕ ਨਾਟਕ ਉਹਨੇ ਦੇਖਣ ਆਉਣਾ ਨਹੀਂ ਚਾਹੁੰਦੇ। 1970 ਤੋਂ ਬਾਅਦ ਮੈਂ ਇਸ ਸਟੇਜ ਨੂੰ ਜਾਰੀ ਇਸ ਕਰਕੇ ਰੱਖਿਆ ਕਿ ਜਿਹੜੇ ਵੀ ਚੰਗੇ ਨਾਟਕ ਦੀ ਪੇਸ਼ਕਾਰੀ ਮੈਂ ਇਥੇ ਅੰਮ੍ਰਿਤਸਰ ਵਿਚ ਕਰਾਂਗਾ, ਉਸਦੇ ਬਾਰੇ ਇਹ ਪਤਾ ਲੱਗ ਜਾਵੇਗਾ ਕਿ ਨਾਟਕ ਦੀ ਸੰਭਾਵਨਾ ਅਤੇ ਸਮਰੱਥਾ ਕਿੰਨੀ ਕੁ ਹੈ। ਪਰ ਹੌਲੀ ਹੌਲੀ ਅੱਗੇ ਸਰਗਰਮੀਆਂ ਘਟਦੀਆਂ ਗਈਆਂ। ਹਾਂ ਇਹ ਸੋਚਿਆ ਕਿ ਅਸੀਂ ਸਾਲ ਵਿਚ 10 ਪੇਸ਼ਕਾਰੀਆਂ ਭਾਵੇਂ ਨਾ ਕਰੀਏ ਤਾਂ ਦੋ-ਤਿੰਨ ਜ਼ਰੂਰ ਕਰੀਏ। ਉਹ ਅਜੇ ਵੀ ਜਾਰੀ ਨੇ। ਪਿਛਲੇ ਸਾਲ ਨਹੀਂ ਕੀਤੀਆਂ। ਇਹਦੇ ਕੁਝ ਕਾਰਨ ਸਨ। ਪਿਛਲੇ ਸਾਲ ਨਾ ਕਰਨ ਦੀ ਵੱਡੀ ਵਜ੍ਹਾ ਫਿਰਕੂ ਤਣਾਓ ਹੈ। ਲੋਕ ਰਾਤ ਨੂੰ ਆਉਂਦੇ ਈ ਨਹੀਂ। ਅੰਮ੍ਰਿਤਸਰ ਵਿਚ ਨਾਟਕ ਕੀਤਾ ਰਾਤ ਨੂੰ, ਬੜੇ ਘੱਟ ਲੋਕ ਆਏ। ਦਰਸ਼ਕਾਂ ਦੀ ਵੀ ਸਮੱਸਿਆ ਬਣ ਗਈ ਹੈ। ਹੁਣ ਗਰਮੀਆਂ ਵਿਚ ਮੈਂ ਇਕ ਬਹੁਤ ਵੱਡਾ ਨਾਟਕ-ਮੇਲਾ ਕਰ ਰਿਹਾ ਹਾਂ। ਚੰਗਾ ਥੀਏਟਰ ਨਾ ਹੋਣਾ ਵੀ ਇਕ ਵਜ੍ਹਾ ਹੈ। ਜਦੋਂ ਗੁਰੂ ਨਾਨਕ ਸਟੇਡੀਅਮ, ਜਿਹੜਾ ਇੰਟਰਨੈਸ਼ਨਲ

ਹੋਟਲ ਦੇ ਲਾਗੇ ਬਣ ਰਿਹਾ ਹੈ, ਬਣ ਗਿਆ ਤਾਂ ਉਥੇ ਬਕਾਇਦਾ ਨਾਟਕ ਕਰਿਆ ਕਰਾਂਗੇ।

? ਤੁਸੀਂ ਨਾਟਕਾਂ ਦੀ ਸਿਰਜਣਾ ਵੀ ਕੀਤੀ ਹੈ। ਪਰ ਦੂਜੇ ਸਾਹਿਤਕ ਰੂਪਾਂ ਦੇ ਮੁਕਾਬਲੇ ਇਕ ਤਰ੍ਹਾਂ ਨਾਲ ਨਾਟਕ ਦਾ ਪਿੜ ਵਿਹਲਾ ਪਿਆ ਜਾਪਦਾ ਹੈ। ਇਹਦਾ ਕਾਰਨ ਤੁਸੀਂ ਕੀ ਸਮਝਦੇ ਹੋ ?

• ਇਹਦਾ ਵੱਡਾ ਕਾਰਨ ਇਹ ਹੈ ਕਿ ਨਾਟਕ ਕਰਨ ਵਾਲੀਆਂ ਟੀਮਾਂ ਥੋੜੀਆਂ ਨੇ। ਲੇਖਕਾਂ ਦੀ ਨਾਟਕ ਨਾਲੋਂ ਕਵਿਤਾ-ਕਹਾਣੀ ਵੱਲ ਰੁਚੀ ਜ਼ਿਆਦਾ ਹੈ। ਪੜ੍ਹਨ ਵਾਲਿਆਂ ਦੀ ਵੀ ਇਨ੍ਹਾਂ ਵੱਲ ਜ਼ਿਆਦਾ ਰੁਚੀ ਹੈ। ਨਾਟਕ ਤਾਂ ਹੀ ਪੜ੍ਹਿਆ ਜਾਂਦਾ ਹੈ ਜੇ ਨਾਲ-ਨਾਲ ਖੇਡਿਆ ਜਾਵੇ।

? ਅਜਮੇਰ ਸਿੰਘ ਔਲਖ ਨਿਰੋਲ ਪੰਜਾਬੀ ਸਭਿਆਚਾਰ, ਪੰਜਾਬੀ ਕਿਰਸਾਨੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਤੁਰਿਆ ਹੈ, ਜਦੋਂ ਕਿ ਆਤਮਜੀਤ ਮੱਧਵਰਗੀ ਮਨੁੱਖ ਦੀ ਪਹਿਚਾਣ ਦੀ ਸਮੱਸਿਆ ਨੂੰ ਪੇਸ਼ ਕਰਦਾ ਹੈ। ਤੁਹਾਡੇ ਖਿਆਲ ਅਨੁਸਾਰ ਕੀ ਇਹ ਦੋਵੇਂ ਰੰਗਮੰਚ ਉਤੇ ਪੰਜਾਬੀ ਨਾਟਕ ਨੂੰ ਕੋਈ ਸਾਂਝੀ ਸੇਧ ਦੇਣ ਵੱਲ ਰੁਚਿਤ ਹਨ ?

• ਮੈਂ ਇਨ੍ਹਾਂ ਦੋਵਾਂ ਦੀ ਸਾਂਝੀ ਸੇਧ ਇਹ ਸਮਝਦਾ ਹਾਂ ਕਿ ਇਹ ਆਪਣੇ-ਆਪਣੇ ਖੇਤਰ ਵਿਚ ਦ੍ਰਿੜਤਾ ਨਾਲ ਜੁਟੇ ਹੋਏ ਹਨ। ਇਨ੍ਹਾਂ ਨੇ ਜਿਹੜਾ ਆਪਣਾ ਖੇਤਰ ਚੁਣ ਲਿਆ, ਉਹਦੇ ਵਿਚ ਇਹ ਮਿਹਨਤ ਕਰਕੇ ਕੰਮ ਪਏ ਕਰਦੇ ਨੇ। ਆਉਣ ਵਾਲੇ ਸਮੇਂ ਵਿਚ ਇਹ ਦੋਵੇਂ ਨਾਟਕਕਾਰ ਬੜੀ ਮੋਹਰੀ ਭੂਮਿਕਾ ਨਿਭਾਉਣਗੇ। ਇਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ-ਆਪਣੇ ਖੇਤਰ ਵਿਚ, ਜੀਹਦਾ ਇਨ੍ਹਾਂ ਨੂੰ ਅਨੁਭਵ ਹੈ, ਹੋਰ ਵਧੇਰੇ ਕੰਮ ਕਰਨ।

? ਤੁਸੀ ਪੰਜਾਬੀ ਵਿਚ ਪ੍ਰਕਾਸ਼ਨ ਦਾ ਕੰਮ ਕੀਤਾ ਹੈ। ਤੁਸੀਂ ਆਪਣੀ ਪ੍ਰਕਾਸ਼ਨਾ ਰਾਹੀਂ ਘੱਟ ਕੀਮਤ 'ਤੇ ਵਧੀਆ ਸਾਹਿਤ ਲੋਕਾਂ ਤਕ ਪੁਚਾ ਰਹੇ ਹੋ। ਪਰ ਪੰਜਾਬ ਵਿਚ ਪ੍ਰਕਾਸ਼ਨ ਦੀ ਕਾਫ਼ੀ ਵੱਡੀ ਸਮੱਸਿਆ ਹੈ। ਲੋਕ ਪੜ੍ਹਦੇ ਘੱਟ ਹਨ, ਕਿਤਾਬਾਂ ਵਿਕਦੀਆਂ ਨਹੀਂ, ਆਦਿ। ਤੁਹਾਡੀ ਪ੍ਰਕਾਸ਼ਨ ਸੰਸਥਾ ਨੂੰ ਵੀ ਇਹੋ ਜਿਹੀਆਂ ਔਕੜਾਂ ਪੇਸ਼ ਆਈਆਂ ਹੋਣਗੀਆਂ। ਪ੍ਰਕਾਸ਼ਨਾ ਦੇ ਪ੍ਰੇਰਨਾ-ਸ੍ਰੋਤ ਬਾਰੇ ਵੀ ਕੁਝ ਦਸੋਗੇ ?

• ਗੱਲ ਇਸ ਤਰ੍ਹਾਂ ਏ ਕਿ ਬਲਰਾਜ ਸਾਹਨੀ ਦਾ ਵਿਚਾਰ ਸੀ ਕਿ ਪੰਜਾਬੀ ਦੇ ਨਵੇਂ ਲੇਖਕਾਂ ਨੂੰ, ਜੋ ਚੰਗਾ ਲਿਖਦੇ ਨੇ, ਉਤਸ਼ਾਹ ਮਿਲਣਾ ਚਾਹੀਦਾ ਹੈ। ਅਸੀਂ ਇਕ ਟੀਮ ਬਣਾਈ, ਜੀਹਦੇ ਵਿਚ ਅਸੀਂ ਇਹ ਵਿਚਾਰ ਕੀਤਾ ਕਿ ਜਿਹੜਾ ਵੀ ਚੰਗੇ ਸੰਭਾਵਨਾ ਵਾਲਾ ਲੇਖਕ ਹੋਵੇ, ਉਹਦੀ ਤਾਰੀਫ਼ ਕਰਨੀ ਹੈ। ਇਸ ਸਕੀਮ ਦਾ ਆਰੰਭ ਇਸ ਤਰ੍ਹਾਂ ਹੋਇਆ ਕਿ ਬਲਰਾਜ ਸਾਹਨੀ ਨੂੰ ਭਾਸ਼ਾ ਵਿਭਾਗ ਵੱਲੋਂ 5,100 ਰੁਪਏ ਇਨਾਮ ਮਿਲਿਆ। ਇਹ ਮਾਰਚ 1980 ਦੀ ਗੱਲ ਹੈ। ਉਨ੍ਹਾਂ ਨੇ ਇਹ ਪੈਸੇ

ਮੈਨੂੰ ਫੜਾ ਦਿੱਤੇ। ਭਾਸ਼ਾ ਵਿਭਾਗ ਨੇ ਹਵਾਈ ਜਹਾਜ਼ ਦਾ ਖਰਚਾ ਵੀ ਉਸ ਵਿਚ ਪਾ ਦਿੱਤਾ ਸੀ। ਬਦਕਿਸਮਤੀ ਇਹ ਕਿ ਬਲਰਾਜ ਸਾਹਨੀ ਦੀ ਮੌਤ ਹੋ ਗਈ। ਬਲਰਾਜ ਸਾਹਨੀ ਦੀ ਮੌਤ ਤੋਂ ਬਾਅਦ ਮੈਂ ਉਨ੍ਹਾਂ ਦੀ ਪਤਨੀ ਨੂੰ ਕਿਹਾ ਕਿ ਮੇਰੇ ਕੋਲ ਬਲਰਾਜ ਜੀ ਦਾ ਪੈਸਾ ਪਿਆ ਹੈ। ਇਸ ਵਿਚੋਂ 2 ਹਜ਼ਾਰ ਉਨ੍ਹਾਂ ਦੇ ਪ੍ਰੀਤ ਨਗਰ ਵਾਲੇ ਮਕਾਨ ਉਤੇ ਖਰਚ ਹੋਇਆ ਸੀ। ਬਾਕੀ ਪੈਸੇ ਨਾਲ ਪਹਿਲਾਂ-ਪਹਿਲ ਪਾਸ਼ ਦੀ 'ਲੋਕ ਕਥਾ' ਅਤੇ ਸੰਤ ਸੰਧੂ ਦੀ 'ਸੀਸ ਤਲੀ ਤੇ' ਇਸ ਸਕੀਮ ਅਧੀਨ ਛਾਪੀਆਂ ਗਈਆਂ। ਇਕ-ਇਕ ਰੁਪਿਆ ਕੀਮਤ ਰੱਖੀ ਗਈ। ਫਿਰ ਵਰਿਆਮ ਸੰਧੂ ਦੀ 'ਲੋਹੇ ਦੇ ਹੱਥ' ਛਾਪੀ ਗਈ। ਇਸ ਤਰ੍ਹਾਂ ਮੈਂ ਕਿਤਾਬਾਂ ਛਾਪਦਾ ਅਤੇ ਨਾਟਕਾਂ ਸਮੇਂ ਸਟਾਲ ਲਾਉਂਦਾ। ਵਿਕਰੀ ਹੋਈ। ਚੰਗਾ ਹੁੰਗਾਰਾ ਮਿਲਿਆ। ਮੈਂ ਇਹਦਾ ਨਾਂ ਵੀ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਰੱਖਿਆ। ਮੈਂ ਆਪਣਾ ਥੈਲਾ ਹਰ ਜਗ੍ਹਾ ਲੈ ਜਾਂਦਾ ਹਾਂ ਅਤੇ ਸਟਾਲ ਲਾਉਂਦਾ ਹਾਂ। ਮੇਰਾ ਮਿਸ਼ਨ ਹੈ ਚੰਗਾ ਸਾਹਿਤ ਸਸਤੀ ਕੀਮਤ 'ਤੇ ਲੋਕਾਂ ਤੱਕ ਪਹੁੰਚਾਉਣਾ।

? ਪਹਿਲਾਂ ਤੁਸੀਂ 'ਸਰਦਲ' ਦਾ ਸੰਪਾਦਨ ਕਰਦੇ ਰਹੇ ਹੋ, ਅੱਜ ਕੱਲ੍ਹ 'ਸਮਤਾ' ਦਾ। ਕੀ ਤੁਸੀਂ ਆਪਣੇ ਖਰਚੇ ਵਿਚ ਵੀ ਕਿਸੇ ਉਦੇਸ਼ ਨਾਲ ਪ੍ਰਤੀਬੱਧ ਹੋ ?

• 'ਸਰਦਲ' ਦੇ ਐਡੀਟਰ ਸ. ਹਰਬੰਸ ਸਿੰਘ ਜੌਲੀ ਸਨ, ਮੈਂ ਨਹੀਂ। ਦਸਵੇਂ ਅੰਕ ਤੋਂ ਬਾਅਦ ਮੈਂ ਸਾਰਾ ਜਿੰਮਾ ਲੈ ਲਿਆ। ਪਰਚਾ ਸਰਕੂਲੇਸ਼ਨ ਅਤੇ ਮਿਹਨਤ ਨਾਲ ਚੱਲ ਸਕਦਾ ਹੈ। ਖੱਬੀ ਧਿਰ ਦੀ ਏਕਤਾ ਵਿਚ ਸਹਾਈ ਹੋਣਾ ਮੇਰੀ ਵੱਡੀ ਕੁਮਿਟਮੈਂਟ ਹੈ। ਜਦੋਂ ਤੱਕ ਏਕਤਾ ਨਹੀਂ, ਉਨ੍ਹਾਂ ਚਿਰ ਸਮਾਜ ਨੂੰ ਬਦਲਣਾ ਸੰਭਵ ਨਹੀਂ ਹੋ ਸਕਦਾ। ਜਨਤਾ ਨਾਲ ਵੀ ਮੇਰੀ ਇਹੀ ਕੁਮਿਟਮੈਂਟ ਹੈ ਕਿ ਸਾਂਝਾ ਸਭਿਆਚਾਰ ਫੋਰਮ ਹੋਵੇ।

? ਤੁਸੀਂ ਆਪਣਾ ਵਧੇਰੇ ਸਮਾਂ ਨਾਟਕਾਂ ਦੀ ਪੇਸ਼ਕਾਰੀ ਵਿਚ ਗੁਜ਼ਾਰਦੇ ਹੋ ਅਤੇ ਅਕਸਰ ਘਰ ਤੋਂ ਬਾਹਰ ਰਹਿੰਦੇ ਹੋ। ਇਸ ਸਬੰਧੀ ਪਰਿਵਾਰ ਵਿਚੋਂ ਤੁਹਾਨੂੰ ਬਰਾਬਰ ਸੂਝ-ਬੂਝ ਮਿਲਦੀ ਰਹੀ ਹੈ ਜਾਂ ਕੋਈ ਔਂਕੜਾਂ ਪੇਸ਼ ਆਈਆਂ ਹਨ ?

• ਮੇਰੀ ਪਰਿਵਾਰਕ ਜ਼ਿੰਦਗੀ ਸ਼ਾਂਤੀ ਵਾਲੀ ਹੈ। ਪੂਰਨ ਸ਼ਾਂਤੀ। ਘਰ ਆ ਕੇ ਥਕਾਵਟ ਦੂਰ ਹੋ ਜਾਂਦੀ ਹੈ। ਘਰ ਵਾਲਿਆਂ ਨੂੰ ਪਤਾ ਹੈ ਕਿ ਮੈਂ ਸਮਾਂ ਬਰਬਾਦ ਨਹੀਂ ਕਰਦਾ। ਮੈਂ ਜ਼ਿੰਮੇਵਾਰ ਹਾਂ। ਨੌਕਰੀ ਮੇਰੀ ਚੰਗੀ ਸੀ। ਸੋ ਕੋਈ ਖਾਸ ਮੁਸ਼ਕਲਾਂ ਵੀ ਨਹੀਂ ਸਨ। ਘਰ ਦੀ ਜ਼ਿੰਦਗੀ ਚੰਗੀ ਹੈ।

? ਮਹਾਨ ਮਨੁੱਖਾਂ ਅਤੇ ਕਲਾਕਾਰਾਂ ਨੂੰ ਸਿਖਰ ਉਤੇ ਪੁਚਾਉਣ ਵਿਚ ਅਕਸਰ ਉਨ੍ਹਾਂ ਦੀਆਂ ਪਤਨੀਆਂ ਦਾ ਕਾਫ਼ੀ ਹੱਥ ਹੁੰਦਾ ਹੈ। ਤੁਹਾਡਾ ਤਜ਼ਰਬਾ ਕਿਸ ਤਰ੍ਹਾਂ ਦਾ ਹੈ ?

• ਮੈਂ ਮਹਾਨਤਾ ਦਾ ਵਿਸ਼ੇਸ਼ਣ ਕਬੂਲ ਨਹੀਂ ਕਰਦਾ। ਪਰ ਮੇਰਾ ਇਰਾਦਾ ਮਜ਼ਬੂਤ ਰਿਹਾ ਹੈ। ਘਰ ਵੱਲੋਂ ਕੋਈ ਰੁਕਾਵਟ ਨਾ ਹੋਣਾ ਇਕ ਵੱਡੀ ਦੇਣ ਹੈ। ਕੋਈ ਵਕਤ

ਅਜਿਹਾ ਸੀ ਕਿ ਵੱਡੀ ਨੌਕਰੀ ਕਰਦਿਆਂ ਵੀ ਘਰ ਕੁਝ ਨਹੀਂ ਸੀ ਹੁੰਦਾ। ਮੇਰੀ ਜ਼ਿੰਦਗੀ ਦੀ ਸਾਰੀ ਕਮਾਈ ਨਾਟਕ ਵੱਲ ਲੱਗ ਗਈ ਹੈ। ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਵੱਲ ਬਹੁਤ ਖਰਚ ਕੀਤਾ ਹੈ। ਲੋਕਾਂ ਨੇ ਬਹੁਤ ਪਿਆਰ ਦਿੱਤਾ ਹੈ। ਪੰਜਾਬ ਦੇ ਲੋਕਾਂ ਨੇ ਬਹੁਤ ਪਿਆਰ ਦਿੱਤਾ ਹੈ। 26 ਜਨਵਰੀ 1985 ਨੂੰ ਮੈਂ ਪੰਜਾਬ ਲੋਕ ਸਭਿਆਚਾਰ ਦਾ ਮੇਲਾ ਕੀਤਾ। ਉਥੇ ਨਾਟਕ ਕੀਤੇ ਗਏ। ਇਕ ਦੁਪਹਿਰ ਤੋਂ ਦੂਜੀ ਦੁਪਹਿਰ ਤੱਕ ਨਾਟਕ ਚਲਦੇ ਰਹੇ। ਇਹ ਪ੍ਰੋਗਰਾਮ ਦੇਸ਼ ਭਗਤ ਹਾਲ ਜਲੰਧਰ ਵਿਚ ਕੀਤਾ ਗਿਆ। ਲੋਕ ਬਹੁਤ ਆਏ। ਹਾਊਸ ਫੁੱਲ ਰਿਹਾ। ਹੁਣ ਕਿਸੇ ਗੱਲ ਦੀ ਘਾਟ ਨਹੀਂ। ਮਿਸ਼ਨ ਪੂਰਾ ਹੋਣ ਉਤੇ ਆਇਆ ਹੈ। ਅੱਗੇ ਲੋਕ ਪੁੱਛਦੇ ਸਨ, ਤੁਹਾਡੇ ਬਾਅਦ ਕੌਣ ਆਵੇਗਾ ? ਪਰ ਹੁਣ ਤਾਂ ਕਈ ਟੀਮਾਂ ਹਨ।

? ਤੁਸੀਂ ਜ਼ਿੰਦਗੀ ਦਾ ਵੱਡਾ ਹਿੱਸਾ ਨਾਟਕਾਂ ਅਤੇ ਰੰਗਮੰਚ ਨੂੰ ਸਮਰਪਿਤ ਕੀਤਾ ਹੈ। ਇਸ ਤੋਂ ਤੁਹਾਨੂੰ ਕਾਫੀ ਕੌੜੇ-ਮਿੱਠੇ ਅਨੁਭਵ ਹੋਏ ਹੋਣਗੇ। ਕੀ ਤੁਸੀਂ ਇਹ ਸਾਰੇ ਅਨੁਭਵ ਲਿਖੋਗੇ, ਕਿਉਂਕਿ ਥੀਏਟਰ ਦੇ ਇਤਿਹਾਸ ਵਿਚ ਇਹਨਾਂ ਦੀ ਵਿਸ਼ੇਸ਼ ਅਹਿਮੀਅਤ ਹੋਵੇਗੀ ?

• ਮੈਂ ਕੋਸ਼ਿਸ਼ ਕਰ ਰਿਹਾ ਹਾਂ। ਡਾਇਰੀ ਲਿਖ ਰਿਹਾ ਹਾਂ। ਤਜ਼ਰਬੇ ਤਾਂ ਬਹੁਤ ਹਨ। ਮੈਂ ਉਹਨਾਂ ਨੂੰ ਕੌੜੇ ਤਾਂ ਨਹੀਂ ਕਹਿੰਦਾ। ਮੈਂ ਇਕ ਪਿੰਡ ਵਿਚ ਡਰਾਮਾ ਕਰਨ ਗਿਆ। ਪ੍ਰਬੰਧਕਾਂ ਨੇ ਇਕ ਦਰਖਤ ਦਿਖਾਇਆ। ਉਸਦੇ ਦੁਆਲੇ ਇਕ ਗੋਲ ਦਾਇਰਾ ਸੀ। ਮੈਂ ਸੋਚ ਰਿਹਾ ਸੀ ਕਿ ਕਿਸ ਪਾਸੇ ਵੱਲ ਮੂੰਹ ਰੱਖ ਕੇ ਨਾਟਕ ਕੀਤਾ ਜਾਵੇ। ਏਨੇਂ ਨੂੰ ਇਕ ਸੱਜਣ ਕਹਿਣ ਲਗਿਆ, ਸਰਦਾਰਾ ਕਰਨਾ ਤਾਂ ਕੰਜਰਖਾਨਾ ਈ ਹੈ, ਜਿੱਧਰ ਮਰਜ਼ੀ ਹੈ, ਮੂੰਹ ਕਰ ਲੈ। ਮੈਂ ਗੁੱਸਾ ਨਹੀਂ ਕੀਤਾ। ਮੈਂ ਉਹਨੂੰ ਕਿਹਾ ਕਿ ਇਕ ਘੰਟਾ ਡਰਾਮਾ ਕਰਨਾ ਹੈ, ਜ਼ਰਾ ਵੇਖ ਕੇ ਜਾਣ। ਡਰਾਮੇ ਤੋਂ ਬਾਅਦ ਮੈਂ ਪੁਛਿਆ, ਸਰਦਾਰਾ, ਕਿਹੋ ਜਿਹਾ ਰਿਹਾ ਕੰਜਰਖਾਨਾ ? ਕਹਿਣ ਲੱਗਿਆ, ਇਹ ਤਾਂ ਗੱਲ ਈ ਕੁਝ ਹੋਰ ਸੀ। ਇਸ ਚੇਤਨਾ ਨੂੰ ਵੀ ਮੈਂ ਨੋਟ ਕੀਤਾ ਹੈ। ਧਾਰਮਿਕ ਨਾਟਕ ਵਿਚ ਮੇਰਾ ਨਾਇਕ ਕੋਈ ਗੱਲ ਕਹਿੰਦਾ ਹੈ ਤਾਂ ਭਾਵੁਕ ਨਿਹੰਗ ਉਹਨੂੰ ਮਾਰਨ ਪੈ ਜਾਂਦੇ ਰਹੇ ਹਨ। ਸੋ ਇਸ ਤਰ੍ਹਾਂ ਦੇ ਤਜਰਬੇ ਮੈਂ ਲਿਖ ਰਿਹਾ ਹਾਂ।

? ਕੀ ਤੁਹਾਨੂੰ ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਜਾਂ ਕਿਸੇ ਸਾਹਿਤਕ ਸੰਸਥਾ ਵੱਲੋਂ ਕੋਈ ਇਨਾਮ ਜਾਂ ਸਨਮਾਨ ਪ੍ਰਾਪਤ ਹੋਏ ਹਨ ?

• 1970 ਵਿਚ ਢੁਡੀਕੇ ਸਾਹਿਤ ਟਰੱਸਟ ਵਾਲਿਆਂ ਨੇ ਬਲਰਾਜ ਸਾਹਨੀ ਇਨਾਮ ਦਿੱਤਾ। ਭਾਸ਼ਾ ਵਿਭਾਗ ਵੱਲੋਂ ਨਾਟਕ ਦਾ ਇਨਾਮ 1960 ਵਿਚ 'ਘੁੰਮਣ-ਘੇਰੀ' ਨੂੰ ਮਿਲਿਆ। ਹਿੰਦੁਸਤਾਨ ਸੰਗੀਤ ਅਕਾਦਮੀ ਵੱਲੋਂ ਸ਼੍ਰੋਮਣੀ ਨਾਟਕਕਾਰ ਦਾ ਪੁਰਸਕਾਰ ਮਿਲਿਆ। ਭਾਈ ਮੋਹਨ ਸਿੰਘ ਵੈਦ ਪੁਰਸਕਾਰ ਵੀ ਮਿਲਿਆ। ਹੋਰ ਕਈ ਸਾਹਿਤ ਸਭਾਵਾਂ ਸਨਮਾਨ ਕਰਦੀਆਂ ਹੀ ਰਹਿੰਦੀਆਂ ਨੇ। 1974 ਵਿਚ

ਇਲਾਹਬਾਦ ਵਿਖੇ 83 ਨਾਟਕਾਂ ਦਾ ਮੁਕਾਬਲਾ ਹੋਇਆ। ਉਥੇ 'ਕੋਈ ਹਰਾ ਬੂਟ ਰਹਿਓ ਰੀ' ਸਭ ਤੋਂ ਵਧੀਆ ਨਾਟਕ ਰਿਹਾ ਸੀ। ਸਭ ਤੋਂ ਵਧੀਆ ਨਾਟਕ ਰਿਹਾ ਸੀ। ਸਭ ਤੋਂ ਵਧੀਆ ਨਿਰਦੇਸ਼ਕ ਨੇ ਮੇਰੇ ਕੰਮਾਂ ਦੀ ਕਦਰ ਪਾਈ ਅਤੇ ਇਸ ਸਨਮਾਨ ਲਈ ਚੁਣਿਆ। ਮੇਰਾ ਇਹ ਸੁਨੇਹਾ ਹੈ ਕਿ ਇਸ ਸਮਾਜ ਨੂੰ ਬਦਲ ਕੇ ਜਿਉਣ ਦੇ ਕਾਬਲ ਬਣਾਈਏ।

...ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਅਸੀਂ ਜੀਣਾ ਹੈ, ਜ਼ਿੰਦਗੀ ਵੱਲ ਆਪਣਾ ਫਰਜ਼ ਪੂਰਾ ਕਰਨਾ ਹੈ, ਸੰਘਰਸ਼ ਨੂੰ ਨਵੇਂ ਇਰਾਦੇ ਨਾਲ ਜਾਰੀ ਰੱਖਣਾ ਹੈ ਅਤੇ ਜਿਸ ਵਿਚ ਦਲੀਲ ਪ੍ਰਧਾਨ ਹੋਵੇ ਤੇ ਅੰਧ-ਵਿਸ਼ਵਾਸ ਦੀ ਕੋਈ ਥਾਂ ਨਾ ਹੋਵੇ। ਰਬ ਅਤੇ ਦੇਵੀ-ਦੇਵਤਿਆਂ ਦੀ ਕਲਪਿਤ ਹੋਂਦ ਇਸ ਅੰਧ-ਵਿਸ਼ਵਾਸ ਨੂੰ ਜਨਮ ਦਿੰਦੀ ਹੈ। ਇਸ ਅੰਧ-ਵਿਸ਼ਵਾਸ ਨੇ ਹੀ ਧਰਮਾਂ ਦੇ ਪੁਆੜਿਆਂ ਨੂੰ ਹੋਂਦ ਵਿਚ ਲਿਆਂਦਾ ਹੈ, ਜਿਨ੍ਹਾਂ ਨੇ ਬੇਹੱਦ ਮਨੁੱਖੀ ਖ਼ੂਨ ਡੋਲਿਆ ਹੈ। ਜੇ ਅੰਧ-ਵਿਸ਼ਵਾਸ ਦੀਆਂ ਜੜ੍ਹਾਂ ਮੁਕਾਈਆਂ ਜਾਣ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਮਨੁੱਖ ਵਿਗਿਆਨਕ ਜੀਵਨ ਫ਼ਲਸਫ਼ੇ ਜਾਂ ਜੀਵਨ-ਜਾਚ ਦਾ ਮਾਲਕ ਹੋ ਸਕਦਾ ਹੈ, ਜਿਸ ਨਾਲ ਉਹ ਆਪਣੇ ਆਲੇ-ਦੁਆਲੇ ਦਾ ਸਹੀ ਦ੍ਰਿਸ਼ਟੀ ਨਾਲ ਵਿਸ਼ਲੇਸ਼ਣ ਕਰਕੇ ਜੀਵਨ ਨੂੰ ਸਫ਼ਲ ਕਰ ਸਕਦਾ ਹੈ।